ਖ਼ਾਲਸਾ ਕਾਲਜ

# ਸੱਜਰਾ ਸਾਹਿਤ

## ਪੰਜਾਬੀ ਰਸਾਲਾ

## ਅਪ੍ਰੈਲ

# 2024



**ਅੰਕ ਨੰ : 16**

### ਸਿਰਲੇਖ

ਕਿਸੇ ਵੀ ਦੇਸ ਜਾਂ ਸੂਬੇ ਦੀ ਬਹੁਮੁੱਲ਼ੀ ਜਾਇਦਾਦ ਉਸਦੀ ਸੱਭਿਅਤਾ ਦਾ ਉਸਦਾ ਸਾਹਿਤ ਹੁੰਦਾ ਹੈ। ਸਾਹਿਤ ਜਿਸਤੋਂ ਉਸਦੇ ਵਿਦਵਾਨਾਂ ਅਤੇ ਲੋਕਾਂ ਦੀ ਸਮਝ ਤੇ ਗਿਆਨ ਦਾ ਪਤਾ ਲੱਗਦਾ ਹੈ। ਸਾਹਿਤ ਜਿਸਤੋਂ ਕਿਸੇ ਨੂੰ ਬੀਤੇ ਜਾਂ ਚੱਲ ਰਹੇ ਸਮੇਂ ਦੀ ਪਹਿਚਾਣ ਹੁੰਦੀ ਹੈ। ਜਿਸ ਤੋਂ ਭਵਿੱਖ ਦੇ ਅਨੁਮਾਨ ਲਾਏ ਜਾਂਦੇ ਨੇ। ਜੋ ਸਾਡੇ ਆਉਣ ਵਾਲੇ ਕੱਲ੍ਹ ਲਈ ਮਾਰਗਦਰਸ਼ਕ ਹੁੰਦਾ ਹੈ ਅਤੇ ਉਸ ਨੂੰ ਪ੍ਰਭਾਵਿਤ ਕਰਦਾ ਹੈ। ਏਸੇ ਸਾਹਿਤ ਦੇ ਬਗ਼ੀਚੇ ਨੂੰ ਹੋਰ ਮਹਿਕਾਉਣ ਵਜੋਂ ਨਵੇਂ ਪੁੰਗਰਦੇ ਫੁੱਲਾਂ ਦਾ ਉਪਰਾਲਾ ਹੈ ਸਾਡਾ ਇਹ ਪੰਜਾਬੀ ਰਸਾਲਾ।

KHALSA COLLEGE SAJRA SAHIT

**ਖ਼ਾਲਸਾ ਕਾਲਜ ਸੱਜਰਾ ਸਾਹਿਤ**

# ਸੱਜਰਾ ਸਾਹਿਤ ਪੰਜਾਬੀ ਰਸਾਲਾ

## ਅਪ੍ਰੈਲ 2024

ਵੱਲੋਂ :

ਖ਼ਾਲਸਾ ਕਾਲਜ ਅੰਮ੍ਰਿਤਸਰ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ ਅਪ੍ਰੈਲ 2024

ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, 9779324826,

8195903361.

ਈ-ਮੇਲ : Khalsacollegesajrasahit@gmail.com

ਇਨਸਟਾਗ੍ਰਾਮ : @Khalsacollegesajrasahit

ਪ੍ਰਕਾਸ਼ਿਤ ਮਿਤੀ : 01 ਅਪ੍ਰੈਲ 2024

ਅੰਕ ਨੰ: 16

ਮੁੱਖ ਸੰਪਾਦਕ :

ਪ੍ਰੀਤ ਸਿੰਘ ਭੈਣੀ (ਐੱਮ. ਏ. ਪੰਜਾਬੀ)

ਸੰਪਾਦਕ :

ਸਾਹਿਬਜੀਤ ਸਿੰਘ (ਬੀ. ਏ.)

ਰਣਜੀਤ ਕੌਰ (ਐੱਮ. ਏ. ਪੰਜਾਬੀ)

ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

# ਤਤਕਰਾ


| | | |
|---|---|---|
| 1. | ਸਿਰਜਣਾ ਦਾ ਸਫ਼ਰ | 06 |
| 2. | ਜੁਦਾਈ | 08 |
| 3. | ਜ਼ਮਾਨਾ | 10 |
| 4. | ਸ਼ਾਇਰ ਸਤਨਾਮ | 11 |
| 5. | ਕਿੱਥੇ ਕਿੱਥੇ ਮੱਥੇ ਟੇਕੇ | 15 |
| 6. | ਕੀ ਨਾਮ ਦੇਵਾਂ | 16 |
| 7. | ਨਿੱਘੀ ਲੋਹ | 19 |
| 8. | ਮੁਕਰਨ ਦੀ ਕੀ ਗੱਲ | 20 |
| 9. | ਪਰਛਾਂਵੇਂ | 21 |
| 10. | ਕੁਦਰਤ ਦਾ ਕਮਾਲ | 23 |
| 11. | ਮੁਟਿਆਰ (ਪੇਂਟਿੰਗ) | 24 |
| 12. | ਸੁੱਚੇ ਕਿਰਦਾਰ ਦੇ ਵਰਗੀ | 25 |
| 13. | ਮੈਂ ਬਥੇਰਾ ਸਾਂਭ ਲਿਆ | 26 |
| 14. | ਮੁਹੱਬਤ | 28 |
| 15. | ਮੌਤ ਕਿ ਜ਼ਿੰਦਗੀ | 30 |
| 16. | ਤੇਰੇ ਇੱਕ ਜਵਾਬ ਦੇ ਅੱਗੇ | 32 |
| 17. | ਮੇਰਾ ਵੀਰ | 33 |
| 18. | ਖਾਰਾ ਹੰਝੂ | 34 |
| 19. | ਇਗਨੋਰ | 35 |
| 20. | ਮੇਰੀ ਕਿਤਾਬ | 36 |
| 21. | ਮੌਤ ਵਾਲੀ ਰਾਤ | 38 |
| 22. | ਮੁਹੱਬਤ ਅੱਗੇ ਹਾਰਨਾ | 40 |

| | | |
|---|---|---|
| 23. | ਤੇਰੇ ਜਿਹੀ | 41 |
| 24. | ਨੀਂਦ ਦਿਲ ਵਕਤ | 43 |
| 25. | ਬੇਵਫਾਵਾਂ ਦਿਆਂ ਸ਼ਹਿਰ ਵਿਚ | 44 |
| 26. | ਪਰਖ ਕੇ ਵੇਖ ਲੈ | 46 |
| 27. | ਖੁਦਾ ਮਿਲੇ ਤਾਂ ਸਹੀਂ | 47 |
| 28. | ਪਰਵਾਸ ਦੀ ਤਾਂਘ | 50 |
| 29. | ਸਾਡੇ ਵਿਹੜੇ | 51 |
| 30. | ਕੈਦੀ | 52 |
| 31. | ਮੇਰਾ ਰੱਬ | 55 |
| 32. | ਹਵਾ | 56 |
| 33. | ਆਪਣੇ ਵਿਚ ਵਸਾ | 58 |
| 34. | ਆਹੀ ਇਸ਼ਕ ਹੁੰਦਾ ਆ | 61 |
| 35. | ਪਛਾਣ | 63 |
| 36. | ਵੱਡਾ ਅਫ਼ਸਰ | 64 |
| 37. | ਅਗਰ ਓਹ ਨਾ ਮਿਲੀ | 66 |
| 38. | ਮਰ ਕੇ ਦੇਖਾਂ | 68 |
| 39. | ਪਤਝੜ ਤੇ ਬਸੰਤ | 69 |
| 40. | ਗੱਲ੍ਹ ਦੇ ਉੱਤੇ | 72 |
| 41. | ਰਾਂਝੇ ਚਾਕ ਦੇ ਵਾਂਗੂ | 73 |
| 42. | ਪਹਿਲਾ ਸਿਜਦਾ ਉਸ ਰੱਬ ਤਾਈਂ | 74 |
| 43. | ਸੁਪਨੇ | 76 |
| 44. | ਦੂਰ ਦਰਾਡੇ | 77 |

# ਸਿਰਜਣਾ ਦਾ ਸਫ਼ਰ

ਸਿਰਜਣਾ ਐਸਾ ਵਰ ਹੈ ਜਿਸ ਨਾਲ ਮੌਤ ਨੂੰ ਵੀ ਜਿੱਤਿਆ ਜਾ ਸਕਦਾ ਹੈ। ਸਿਰਜਣਾ ਰਾਹੀਂ ਸਿਰਜਕ ਸਦਾ ਜਿਉਂਦਾ ਰਹਿੰਦਾ ਹੈ। ਸਿਰਜਣਾ ਰਾਹੀਂ ਆਨੰਦ ਨੂੰ ਵੰਡਿਆ ਜਾ ਸਕਦਾ ਹੈ, ਅਨੰਤ ਕਾਲ ਤਕ। ਸਾਡੇ ਰਿਸ਼ੀਆਂ ਨੇ ਤਾਂ ਸਾਹਿਤ ਸਿਰਜਣਾ ਰਾਹੀਂ ਧਰਮ, ਅਰਥ, ਕਾਮ, ਮੋਕਸ਼ ਦੀ ਪ੍ਰਾਪਤੀ ਹੋ ਸਕਣ ਦੀ ਦੱਸ ਵੀ ਪਾਈ ਸੀ।

ਸਿਰਜਣਾ ਬਾਰੇ ਮੈਂ ਇਹ ਕਥਾ ਕਹੀ ਸੀ। ਉਹ ਸਾਂਝੀ ਕਰ ਰਿਹਾਂ:

"ਕਈ ਸਾਲਾਂ ਦੀ ਤਪੱਸਿਆ ਤੋਂ ਬਾਅਦ ਬੋਧੀ ਭਿਕਸ਼ੂ ਗੁਰੂ ਕੋਲ ਆਇਆ। ਸੀਸ ਝੁਕਾਇਆ। ਅਰਜ਼ ਕੀਤੀ – ਗੁਰੂ ਜੀ, ਮਨ ਵਿਚ ਇਕ ਮੰਤਰ ਗੂੰਜਣ ਲੱਗਾ ਹੈ, ਜੇ ਆਗਿਆ ਹੋਵੇ ਤਾਂ ਇਸ ਨੂੰ ਭੋਜ ਪੱਤਰ ਉਪਰ ਲਿਖ ਲਵਾਂ?

ਗੁਰੂ ਮੁਸਕਰਾਇਆ ਤੇ ਕਿਹਾ – ਜੇ ਸਚਮੁੱਚ ਤੇਰੇ ਮੰਤਰ ਵਿਚ ਉਸ ਭੋਜ ਪੱਤਰ ਜਿੰਨਾ ਅਨੁਭਵ ਆਇਆ ਹੈ, ਜਿਸ ਉਪਰ ਮੰਤਰ ਲਿਖਿਆ ਜਾਣਾ ਹੈ ਤਾਂ ਜ਼ਰੂਰ ਲਿਖ।

ਬੋਧੀ ਭਿਕਸ਼ੂ ਨੇ ਸੀਸ ਝੁਕਾਇਆ ਤੇ ਬਿਨਾਂ ਕੁਝ ਲਿਖੇ ਤਪੱਸਿਆ ਕਰਨ ਚਲਾ ਗਿਆ।"

ਜਦ ਕਦੇ ਜ਼ਿੰਦਗੀ 'ਚ ਕਿਤਾਬ ਛਪਵਾਉਣ ਬਾਰੇ ਸੋਚੋ ਤਾਂ ਇਹ ਕਥਾ ਯਾਦ ਕਰ ਲੈਣਾ ਤੇ ਸੋਚ ਲੈਣਾ ਕਿ ਕੀ ਅਸੀਂ ਐਸਾ ਕੁਝ ਲਿਖ ਸਕੇ ਜਿਸ ਕਰਕੇ ਕਿਤਾਬ ਛਪਣ ਲਈ ਵਰਤੇ ਜਾਣ ਵਾਲੇ ਕਾਗਜ਼ ਲਈ ਕਈ ਰੁੱਖਾਂ ਦੀ ਬਲੀ ਦੇਣੀ ਪਵੇਗੀ।

ਇਹ ਪੰਧ ਬਹੁਤ ਜਿੰਮੇਵਾਰੀ ਅਤੇ ਮਿਹਨਤ ਵਾਲਾ ਹੈ। ਅੱਜ-ਕੱਲ੍ਹ ਸ਼ੋਸਲ ਮੀਡੀਆ ਨੇ ਜਿਥੇ ਸੰਚਾਰ ਦਾ ਦਾਇਰਾ ਵਧਾ ਦਿੱਤਾ ਹੈ ਓਥੇ ਜਿੰਮੇਵਾਰੀ ਅਤੇ ਮਿਹਨਤ ਵਾਲਾ ਪਾਸਾ ਕਮਜ਼ੋਰ ਵੀ ਹੋਇਆ ਹੈ। ਆਸ ਹੈ ਕਿ ਇਹ ਮੈਗਜ਼ੀਨ ਇਸ ਧੁੰਦੂਕਾਰੇ ਦੇ ਦੌਰ ਵਿਚ ਸ਼ਬਦ ਸਿਰਜਕਾਂ ਦੀ ਚੰਗੀ ਹਾਜ਼ਰੀ ਦਾ ਗਵਾਹ ਬਣੇ... ਇਹ ਸਿਰਜਕ ਸਦੀਆਂ ਤੀਕਰ ਸਫ਼ਰ ਕਰਨ...

**ਡਾ. ਪਰਮਜੀਤ ਸਿੰਘ ਕੱਟੂ**
**ਨੈਸ਼ਨਲ ਫ਼ਿਲਮ ਅਵਾਰਡ ਜੇਤੂ**
**ਲੇਖਕ ਤੇ ਨਿਰਦੇਸ਼ਕ**



# ਜੁਦਾਈ

ਅੱਥਰੂ ਚੋਂਦੇ ਵੀ ਨਾ ਵੇਖੇ,

ਤੁਰ ਗਿਉਂ ਅੜਿਆ ਪਾ ਕੇ ਜੁਦਾਈਆਂ।

ਕੀ ਸੀ ਹੋਇਆ ਤੇਰੇ ਦਿਲ ਨੂੰ,

ਖਾਧੀਆਂ ਸੋਹਾਂ ਵੀ ਯਾਦ ਨਾ ਆਈਆਂ ।

ਅੱਗ ਲੱਗੇ ਤੇਰੇ ਭੈੜੇ ਵਤੀਰੇ,

ਤੇਰੇ ਨਾਲ ਹੋਵੇ ਜੋ ਮੇਰੇ ਨਾ ਹੋਈ

ਤੂੰ ਵੀ ਰੋਵੇਂ ਮੇਰੇ ਹੀ ਵਾਂਗੂੰ,

ਤੈਨੂੰ ਵੀ ਛੱਡ ਜੇ ਤੇਰਾ ਹੀ ਕੋਈ

ਮੇਰਾ ਤਾਂ ਕੀ ਏ ਰੁੱਲਣਾ ਤੇ ਹੈਗਾ

ਤੂੰ ਵੀ ਰੁਲਜੇ ਇੰਝ ਹੀ ਸੁਦਾਈਆ

ਅੱਥਰੂ ਚੋਂਦੇ ਵੀ ਨਾ ਵੇਖੇ ..

ਮੁਬਾਰਕ ਤੈਨੂੰ ਤੇਰੀ ਇਹ ਜ਼ਿੰਦਗੀ,

ਹੱਸੀਂ ਖੇਡੀ ਮੌਜਾਂ ਤੂੰ ਮਾਣੀ

ਪਰ ਨਹੀਂ ਮਿਲਣਾ ਚੋਖਾ ਪਿਆਰਾ

ਮੇਰੀ ਇਸ ਗੱਲ ਨੂੰ ਸੱਚ ਤੂੰ ਜਾਣੀ

ਮੇਹਣਾ ਨਾ ਸਮਝੀਂ ਇਹ ਤਾਂ ਉਂਝ ਹੀ

ਤੈਨੂੰ ਮੈਂ ਬਸ ਹਕੀਕਤ ਸੁਣਾਈਆਂ

ਅੱਥਰੂ ਚੋਂਦੇ ਵੀ ਨਾ ਵੇਖੇ ...

ਲੋੜਾਂ ਮੁਤਾਬਕ ਚਲਣਾ ਤੂੰ ਜਾਣੇ

ਕੈਸੀ ਹੈ ਲੋੜ ਜੋ ਪੂਰੀ ਨਾ ਹੋਵੇ

ਜਿਵੇਂ ਸ਼ਹਿਬਾਜ਼ ਤੇਰੀ ਏ ਹੋਈ

ਮੁਹੱਬਤ ਕੋਈ ਵੀ ਅਧੂਰੀ ਨਾ ਹੋਵੇ

ਇਸਦਾ ਧੂੰਆਂ ਮਿਟਣਾ ਨਾ ਦੇਖੀਂ

ਜਿਹੜੀ ਤੂੰ ਅੰਦਰ ਧੂਣੀ ਤਪਾਈਆ

ਅੱਥਰੂ ਚੋਂਦੇ ਵੀ ਨਾ ਵੇਖੇ ......।



ਸਹਿਬਾਜਦੀਪ ਸਿੰਘ ਗੁਲਸ਼ਨ

ਐੱਮ. ਏ. ਪੰਜਾਬੀ ਦੂਜਾ ਸਾਲ

# ਜ਼ਮਾਨਾ

ਜ਼ਮਾਨਾ ਭੈੜਾ ਬੱਚਕੇ ਚੱਲ
ਐਨਾ ਵੀ ਨਾ ਸੱਚ 'ਤੇ ਚੱਲ

ਚੰਗੇ ਕਰਮਾਂ ਨੂੰ ਤਵੱਜੋ ਦੇ
ਨਾ ਗੰਗਾ ਨਾ ਹੱਜ 'ਤੇ ਚੱਲ

ਇਸ਼ਕ ਮਿਲਦਾ ਤੁਕਿਆਂ ਨਾਲ
ਅੱਖਾਂ ਮੀਚ ਤੇ ਕੱਚ 'ਤੇ ਚੱਲ

ਕਿਉਂ ਸੋਚ ਸੋਚ ਜਿੰਦ ਉਜਾੜੀ
ਕੱਲ੍ਹ ਦੀ ਛੱਡ ਅੱਜ 'ਤੇ ਚੱਲ

ਸੰਘਰਸ਼ ਕੀ ਏ ਵੇਖਣਾ ਜੇਕਰ
ਰੇਲ ਦੇ ਲੋਕਲ ਡੱਬੇ ਚੜ੍ਹ ਤੇ ਚੱਲ

ਰੱਬ ਦੇ ਘਰ ਜੇ ਜਾਣਾ
ਰੱਬ ਦੇ ਬਣਾਏ ਰਸਤੇ ਚੱਲ।



ਸੁਖਬੀਰ ਕੌਰ ਬਾਠ
ਐੱਮ. ਏ. ਪੰਜਾਬੀ.

# ਸ਼ਾਇਰ ਸਤਨਾਮ

ਇੱਕ ਤੇਰਾ ਸੰਘਣਾ,
ਜਾਣ ਕੇ ਖੰਘਣਾ,
ਕੋਲ ਦੀ ਲੰਘਣਾ,
ਜਾਨ ਹੀ ਕੱਢਦਾ।

ਇੱਕ ਤੇਰੀ ਚਾਲ,
ਲੱਗੇ ਕਮਾਲ,
ਸੂਟ ਜੋ ਲਾਲ,
ਬੜਾ ਹੀ ਫੱਬਦਾ।

ਮੇਰੇ ਜੋ ਨੈਣ,
ਕੁਝ ਕਰ ਨਾ ਲੈਣ,
ਤੈਨੂੰ ਜੋ ਕਹਿਣ,
ਤੂੰ ਆ ਕੇ ਸੁਣਲੈ।

ਤੈਨੂੰ ਮੈਂ ਕਵਾਂ,
ਕੁਝ ਕਰ ਨਾ ਲਵਾਂ,
ਤੇਰਾ ਹੀ ਰਵਾਂ,
ਖੁਆਬ ਹੀ ਬੁਣਲੈ।

ਤੂੰ ਆਵੇਂ,
ਕੋਲ ਬਹਿ ਜਾਵੇ,
ਕਿਤੇ ਨਾ ਜਾਵੇ,

ਖ਼ੁਆਬ ਮੈਂ ਦੇਖਾਂ।

ਜਦ ਤੂੰ ਦਿਖੀ,
ਪਰੀਆਂ ਤੋਂ ਸਿਖੀ,
ਤੂੰ ਹੀ ਲਿਖੀ,
ਮੇਰਿਆਂ ਲੇਖਾਂ।

ਜੋੜੀ ਏ ਜਿਹੜੀ,
ਤੇਰੀ ਤੇ ਮੇਰੀ,
ਜੱਚੇ ਬਥੇਰੀ,
ਕੋਈ ਨਾ ਭਾਉਂਦਾ।

ਇੱਕ ਤੇਰਾ ਹੱਸਣਾ,
ਦਿਲ ਵਿਚ ਵੱਸਣਾ,
ਤੈਨੂੰ ਮੈਂ ਦੱਸਣਾ,
ਕਿੰਨਾ ਹਾਂ ਚਾਹੁੰਦਾ।

ਤੂੰ ਵੀ ਚਾਹੁੰਦੀ,
ਸਿਫਤਾਂ ਗਾਉਂਦੀ,
ਕਹਿਰ ਕਮਾਉਂਦੀ,
ਮੈਨੂੰ ਏ ਲੱਗੇ।

ਇੱਕ ਤੇਰਾ ਟਿੱਕਾ,
ਰੱਬ ਵੀ ਨਿੱਕਾ,
ਚੰਨ ਵੀ ਫਿੱਕਾ,
ਸ਼ਿੰਗਾਰ ਦੇ ਅੱਗੇ।

ਨਾ ਹੋਵੇ ਅਨਬਨ,
ਘਰਦੇ ਮੰਨ ਜਾਣ,
ਰਿਸ਼ਤਾ ਬੰਨ ਜਾਣ,
ਫੇਰ ਲਈਏ ਲਾਵਾਂ।

ਇੱਕ ਤੇਰੀ ਸੂਰਤ,
ਮੇਰੀ ਜ਼ਰੂਰਤ,
ਕੱਢਾਂ ਮਹੂਰਤ,
ਦੀਦਾਰ ਮੈਂ ਚਾਹਵਾਂ।

ਔਖਾ ਚਿੱਤ ਲਾਉਣਾ,
ਗੋਦ ਵਿਚ ਸੌਣਾ,
ਕਦੋਂ ਤੂੰ ਆਉਣਾ,
ਵੇਖਦਾ ਰਾਹਵਾਂ।

ਕੁਝ ਨਾ ਕਹਿਣਾ,
ਕੋਲ ਬਸ ਬਹਿਣਾ,
ਕਲਾਵੇਂ ਲੈਣਾ,
ਤਰਸੀਆਂ ਬਾਹਵਾਂ।

ਚਾਅ ਜੋ ਮੇਰੇ,
ਲਈ ਨੇ ਤੇਰੇ,
ਹੋਣ ਨਾ ਜੇਰੇ,
ਤੂੰ ਕਦ ਮਿਲਣਾ।

ਪਿਆਰ ਮੈਂ ਪਾਇਆ,
ਬੂਟਾ ਜੋ ਲਾਇਆ,
ਪਇਆ ਮੁਰਝਾਇਆ,
ਆਉਣ ਨਾਲ ਖਿਲਣਾ।

ਨਾ ਹੀ ਸਾਸ਼ਕ,
ਨਾ ਹੀ ਵਾਸ਼ਕ,
ਬਣ ਗਿਆ ਆਸ਼ਕ,
ਹੋਇਆ ਬਦਨਾਮ।

ਏ ਕੀ ਕੀਤਾ,
ਤੇਰੀਆਂ ਪ੍ਰੀਤਾਂ,
ਗਾਉਂਦਾ ਰੀਤਾਂ,
ਸ਼ਾਇਰ ਸਤਨਾਮ।



ਸਤਨਾਮ ਸਿੰਘ ਵੇਰਕਾ
ਬੀ. ਏ. ਤੀਜਾ ਸਾਲ

# ਕਿੱਥੇ ਕਿੱਥੇ ਮੱਥੇ ਟੇਕੇ

ਮਾੜਾ ਚੰਗਾ ਕਿਸੇ ਨੂੰ ਨਈਂ

ਜੋ ਹੋਇਆ ਮੇਰੇ ਲੇਖੇ ਨੇ ।

ਮੈਂ ਜਾਣਾ ਜਾਂ ਮੇਰਾ ਰੱਬ ਜਾਣੇ

ਮੈਂ ਕਿੱਥੇ ਕਿੱਥੇ ਮੱਥੇ ਟੇਕੇ ਨੇ।

ਪੜ੍ਹ ਕੇ ਚੋਟ ਪੁਰਾਣੀ

ਬੜੀ ਵਾਰ ਦਿਲ ਸੇਕੇ ਨੇ।

ਤੂੰ ਗੱਲ ਛੱਡ ਸੁਭਾਅ ਬਦਲਣ ਦੀ

ਮੈਂ ਜਿਨ੍ਹਾਂ ਪਿੱਛੇ ਜ਼ਿੰਦਗੀ ਬਦਲੀ

ਉਹ ਬਦਲਦੇ ਵੇਖੇ ਨੇ।

ਮਾਨਵੀ ਸ਼ਰਮਾ

ਬੀ. ਐੱਸ. ਸੀ. ਮੈਡੀਕਲ

ਦੂਜਾ ਸਾਲ



# ਕੀ ਨਾਮ ਦੇਵਾਂ

ਗੁੰਝਲਦਾਰੀਆਂ ਨੇ ਬਹੁਤ ਸੱਜਣਾ,
ਤੂੰ ਖੁਦ ਨੂੰ ਉਲਝਿਆ ਲੱਗਦਾ ਏ,
ਹੋਰਾਂ ਦਾ ਮੈਨੂੰ ਵਿਚਾਰ ਨਹੀਂ,
ਪਰ ਮੇਰੇ ਲਈ ਸੁਲਝਿਆ ਲੱਗਦਾ ਏ,
ਬਹੁਤ ਰਿਸ਼ਤੇ ਜੁੜੇ ਨੇ ਮੇਰੇ ਨਾਲ,
ਇੱਕ ਤੂੰ ਹੀ ਚੜਿਆ ਪਰਵਾਨ ਏ,
ਦੱਸ ਕੀ ਨਾਮ ਦੇਵਾਂ ਇਸ ਰਿਸ਼ਤੇ ਨੂੰ,
ਜੋ ਆਪਣੇ ਦੋਨਾਂ ਦੇ ਦਰਮਿਆਨ ਏ।

ਤੂੰ ਸਾਦਾ ਵੀ ਏ ਹਸੀਨ ਵੀ ਏ,
ਮੈਂ ਸ਼ਖਸੀਅਤ ਤੇਰੀ ਦਾ ਦੀਵਾਨਾ ਹਾਂ,
ਤੇਰੇ ਹੋਣ ਤੇ ਮੇਰੇ ਵਜੂਦ ਬਣੇ,
ਤੂੰ ਸ਼ਮਾ ਤੇ ਮੈਂ ਪਰਵਾਨਾ ਹਾਂ,
ਤੇਰੀ ਵਫਾਦਾਰੀ ਤੇ ਏਨਾ ਮਾਣ ਕਰਾਂ,
ਜੋ ਪੰਜ ਨਮਾਜ਼ੀ ਪੜੇ ਕੁਰਾਨ ਏ,
ਦੱਸ ਕੀ ਨਾਮ ਦੇਵਾਂ ਇਸ ਰਿਸ਼ਤੇ ਨੂੰ,
ਜੋ ਆਪਣੇ ਦੋਨਾਂ ਦੇ ਦਰਮਿਆਨ ਏ।

ਤੂੰ ਦੂਰ ਬਹੁਤ ਭਾਵੇਂ ਮੇਰੇ ਤੋਂ,

ਪਰ ਦਿਲ ਦੇ ਸੱਜਣਾ ਕੋਲ ਰਹੇ,

ਲੱਖ ਦੁਨੀਆਂ ਛੱਡਜੇ ਕੋਈ ਦੁੱਖ ਨਹੀਂ,

ਪਰ ਤੂੰ ਮੇਰੇ ਲਈ ਅਨਮੋਲ ਰਹੇ,

ਕਦੇ ਨਾ ਵਿਛੜੂ ਇਹ ਵਾਅਦਾ ਕਰਦੇ,

ਹੋ ਜਾਊ ਤੇਰੇ ਤੋਂ ਕੁਰਬਾਨ ਏ,

ਦੱਸ ਕੀ ਨਾਮ ਦੇਵਾਂ ਇਸ ਰਿਸ਼ਤੇ ਨੂੰ,

ਜੋ ਆਪਣੇ ਦੋਨਾਂ ਦੇ ਦਰਮਿਆਨ ਏ।

ਮੈਂ ਸ਼ੁਕਰਾਨਾ ਰੱਬ ਦਾ ਕਰਦਾ ਹਾਂ,

ਜੋ ਉਸ ਤੇਰੇ ਨਾਲ ਮਿਲਾਇਆ ਮੈਨੂੰ,

ਸ਼ਾਇਦ ਉਹ ਆਪ ਬਣ ਤੂੰ ਉੱਤਰ ਆਇਆ,

ਜਾਂ ਉਸ ਮੇਰਾ ਮਨ ਦਿਖਾਇਆ ਤੈਨੂੰ,

ਜੋ ਵੀ ਹੈ ਮੈਂ ਸਦਭਾਗੀ ਹਾਂ,

ਤੇਰਾ ਮੇਰੇ ਵੱਲ ਜੋ ਕਰਿਆ ਧਿਆਨ ਏ,

ਦੱਸ ਕੀ ਨਾਮ ਦੇਵਾਂ ਇਸ ਰਿਸ਼ਤੇ ਨੂੰ,

ਜੋ ਆਪਣੇ ਦੋਨਾਂ ਦੇ ਦਰਮਿਆਨ ਏ।

ਤੈਨੂੰ ਸਾਹ ਆਖਾਂ ਜਾਂ ਧੜਕਨ ਆਖਾਂ,

ਪਰ ਇਹਨਾਂ ਇੱਕ ਦਿਨ ਰੁੱਕ ਜਾਣਾ,

ਚੱਲ ਰੂਹ ਤੈਨੂੰ ਆਪਣੀ ਮੰਨ ਲੈਂਦਾ,

ਪਰ ਉਸਨੇ ਵੀ ਇੱਕ ਦਿਨ ਲੁੱਕ ਜਾਣਾ,

ਤੈਨੂੰ ਦੋਸਤ ਆਖਾਂ ਜਾਂ ਹਮਰਾਹੀ ਆਖਾਂ,

ਕਿਨ੍ਹਾਂ ਸ਼ਬਦਾਂ ਵਿੱਚ ਕਰਾਂ ਤੈਨੂੰ ਬਿਆਨ ਏ,

ਦੱਸ ਕੀ ਨਾਮ ਦੇਵਾਂ ਇਸ ਰਿਸ਼ਤੇ ਨੂੰ,

ਜੋ ਆਪਣੇ ਦੋਨਾਂ ਦੇ ਦਰਮਿਆਨ ਏ।

ਤੈਨੂੰ ਪਰਛਾਵਾਂ ਆਖਾਂ ਜਾਂ ਵਜੂਦ ਮੇਰਾ,

ਕੀ ਫਰਕ ਪੈਂਦਾ ਏ ਨਾਵਾਂ ਨਾਲ,

ਜੇ ਦਿਲ ਤੋਂ ਰਿਸ਼ਤਾ ਆਪਾਂ ਜੋੜ ਲਈਏ,

ਨਿਭਾ ਸਕਦੇ ਹਾਂ ਪੂਰੇ ਚਾਵਾਂ ਨਾਲ,

ਫਿਰ ਦੂਰ ਨੀ ਹੋਣਾ ਜਦ ਇੱਕ ਹੋ ਗਏ,

ਹੁਣ ਭਾਵੇਂ ਦੋਵੇਂ ਇੱਕ ਦੂਜੇ ਲਈ ਅਣਜਾਣ ਏ,

ਦੱਸ ਕੀ ਨਾਮ ਦੇਵਾਂ ਇਸ ਰਿਸ਼ਤੇ ਨੂੰ,

ਜੋ ਆਪਣੇ ਦੋਨਾਂ ਦੇ ਦਰਮਿਆਨ ਏ।




ਪ੍ਰੀਤ ਸਿੰਘ ਭੈਣੀ

ਐੱਮ. ਏ. ਪੰਜਾਬੀ.

ਦੂਜਾ ਸਾਲ

# ਨਿੱਘੀ ਲੋਹ

ਆਹ ਦੁੱਖ-ਦੁੱਖ ਕਰਦੇ ਜੇ,
ਇਹ ਕਿਤੇ ਮਾੜਾ ਥੋੜ੍ਹੀ ਆ।
ਹੱਸ ਕੇ ਕੱਟ ਲਵੋ,
ਕੋਈ ਹਾੜਾ ਥੋੜ੍ਹੀ ਆ।

ਹੱਸੋਗੇ ਨਾ ਜਦੋਂ,
ਇਹ ਆਪਣਾ ਹੋ ਜਾਂਦਾ।
ਅਜ਼ਮਾਇਓ ਤਾਂ ਸਹੀਂ ਕੇਰ੍ਹਾਂ,
ਰੱਬ ਵੀ ਆ ਨਾਲ ਖਲੋ ਜਾਂਦਾ।

ਹੁਣ ਇਹ ਨਾ ਆਖਿਓ,
ਰੱਬ ਕਦੋਂ ਦੂਰ ਹੋਇਆ ਏ।
ਉਹ ਤਾਂ ਉੱਥੇ ਈ ਵੱਸਦੈ,
ਬਸ ਤੁਹਾਡਾ ਨਜ਼ਰੀਆ ਈ ਮੋਇਆ ਏ।

ਸਬਰ ਦੀ ਕੰਨ੍ਹੀ ਫੜ੍ਹ,
ਦਰਦਾਂ ਨੂੰ ਵਿਸਾਰ ਦਿਓ।
ਉਹ ਤੱਕਦਾ ਏ,
ਤੁਸੀਂ ਜਾ ਦੀਦਾਰ ਦਿਓ।



ਦਲਜੀਤ ਕੌਰ
ਬੀ. ਏ. ਪਹਿਲਾ ਸਾਲ

# ਮੁਕਰਨ ਦੀ ਕੀ ਗੱਲ

ਇਕ ਰੱਬੋ ਸੋਹਣੇ ਮੁਖੜੇ 'ਤੇ

ਸੀ ਕਿੰਨੇ ਸਾਰੇ ਦੁਖੜੇ 'ਤੇ।

ਲੱਖਾਂ ਵੇਦ ਮੈਂ ਲਿਖ ਸਕਦਾ ਹਾਂ

ਜੇ ਉਹ ਨਾ ਗੱਲ ਤੋਂ ਮੁਕਰੇ 'ਤੇ।

ਮੁਕਰਨ ਦੀ ਕੀ ਗੱਲ ਦੱਸਾਂ ਮੈਂ

ਮਰਿਆ ਈ ਮਾਸ ਦੇ ਟੁੱਕੜੇ 'ਤੇ।

ਟਾਹਣੀ ਟਾਹਣੀ ਹੋਏ ਫਿਰਦੇ

ਜੜ੍ਹ ਆਪਣੀ ਤੋਂ ਉੱਖੜੇ 'ਤੇ।

ਗੁਰਜਿੰਦਰ ਸ਼ਾਹ

ਐੱਮ. ਏ. ਪੰਜਾਬੀ



# ਪਰਛਾਂਵੇਂ

ਤੇਰੀ ਮੁਹੱਬਤ ਦੇ ਪਰਛਾਂਵੇਂ
ਪੈਂਦੇ ਨੇ ਮੇਰੇ ਖਿਆਲਾਂ ਉੱਤੇ
ਮੈਨੂੰ ਅੰਬਰ ਦੀ ਥਾਂ ਤੂੰ ਦਿੱਸਦੀ
ਜੇ ਕਿਧਰੇ ਨਜ਼ਰ ਉਛਾਲਾ ਉੱਤੇ

ਸਿਫ਼ਤ ਸੋਹਣੇ ਸੱਜਣ ਦੀ
ਸ਼ਜਾਵਾਂ ਕੋਰੇ ਸਫ਼ਿਆਂ 'ਤੇ
ਮੁਹੱਬਤ ਘੱਟ ਵੱਧ ਹੀ
ਤੁਰਦੀ ਅੜਿਆ ਨਫ਼ਿਆਂ 'ਤੇ
ਅਸੀਂ ਰੋੜੇ ਰਾਹਾਂ ਦੇ
ਤੁਰੇ ਸੰਗਮਰਮਰੀ ਭਾਲਾਂ ਉੱਤੇ
ਤੇਰੀ ਮੁਹੱਬਤ ਦੇ ਪਰਛਾਂਵੇ
ਪੈਂਦੇ ਨੇ ਮੇਰੇ ਖਿਆਲਾਂ ਉੱਤੇ
ਮੈਨੂੰ ਅੰਬਰ ਦੀ ਥਾਂ ਤੂੰ ਦਿੱਸਦੀ
ਜੇ ਕਿਧਰੇ ਨਜ਼ਰ ਉਛਾਲਾ ਉੱਤੇ

ਤੇਰੇ ਬਦਨ ਦੀ ਬਨਾਵਟ

ਭਾਰੀ ਪੈਂਦੀ ਮੇਰੇ ਸਵਾਲਾਂ ਉੱਤੇ

ਤੇਰੀ ਮੁਹੱਬਤ ਦੇ ਪਰਛਾਂਵੇ

ਪੈਂਦੇ ਨੇ ਮੇਰੇ ਖਿਆਲਾਂ ਉੱਤੇ

ਮੈਨੂੰ ਅੰਬਰ ਦੀ ਥਾਂ ਤੂੰ ਦਿੱਸਦੀ

ਜੇ ਕਿਧਰੇ ਨਜ਼ਰ ਉਛਾਲਾ ਉੱਤੇ

ਠੰਢੀ ਸੀਤ ਲਹਿਰ 'ਚ

ਤੱਕਣੀ ਤੇਰੀ ਅੱਗ ਜਿਹੀ

ਵੇਖੀ ਘੁੰਮਕੇ ਦੁਨੀਆਂ ਸਾਰੀ

ਹੈ ਤੇਰੀ ਤੋਰ ਅਲੱਗ ਜਿਹੀ

ਤੇਰੇ ਸ਼ਬਦ ਐਂ ਸੀਨਾ ਠਾਰਦੇ

ਜਿਉਂ ਰੱਖੇ ਬਰਫ਼ ਕੋਈ ਮਿਸ਼ਾਲਾਂ ਉਤੇ

ਤੇਰੀ ਮੁਹੱਬਤ ਦੇ ਪਰਛਾਂਵੇ

ਪੈਂਦੇ ਨੇ ਮੇਰੇ ਖਿਆਲਾਂ ਉੱਤੇ

ਮੈਨੂੰ ਅੰਬਰ ਦੀ ਥਾਂ ਤੂੰ ਦਿੱਸਦੀ

ਜੇ ਕਿਧਰੇ ਨਜ਼ਰ ਉਛਾਲਾ ਉੱਤੇ।



ਸੁਖਬੀਰ ਸੋਨਾ

ਐੱਮ. ਏ. ਪੰਜਾਬੀ

# ਕੁਦਰਤ ਦਾ ਕਮਾਲ

ਕੁਦਰਤ ਨੇ ਕੀ ਕਮਾਲ ਦਿਖਾਇਆ ਏ,

ਇਹ ਕੀ ਇਨਸਾਨ ਬਣਾਇਆ ਏ,

ਇੱਕ ਮਰਦ ਇੱਕ ਔਰਤ,

ਏਨਾ ਕਿਉਂ ਫ਼ਰਕ ਪਾਇਆ ਏ,

ਇਹ ਕੀ ਕਹਿਰ ਕਮਾਇਆ ਏ,

ਚਿਹਰੇ 'ਤੇ ਚਿਹਰਾ ਕਿਉਂ ਲਾਇਆ ਏ,

ਸੂਰਤ ਤਾਂ ਦਿਖਾ ਦਿੱਤੀ,

ਸੀਰਤ ਨੂੰ ਨਾ ਵਿਖਾਇਆ ਏ,

ਰੂਹਾਂ ਤਾਂ ਸਭ ਇੱਕੋ ਨੇ,

ਕਿਉਂ ਸ਼ਕਲਾਂ ਨੂੰ ਵੱਖ ਬਣਾਇਆ ਏ,

ਕੀ ਸਮਝਾਂ ਮੈਂ ਤੇਰੀਆਂ ਰਮਜਾਂ,

ਜਾਂ ਫਿਤਰਤਾਂ ਨੂੰ ਦਰਸਾਇਆ ਏ,

ਕੁਦਰਤ ਨੇ ਕੀ ਕਮਾਲ ਦਿਖਾਇਆ ਏ,


ਇਹ ਕੀ ਇਨਸਾਨ ਬਣਾਇਆ ਏ।



ਰਣਜੀਤ ਕੌਰ

ਐੱਮ. ਏ. ਪੰਜਾਬੀ

# ਮੁਟਿਆਰ




ਤਰਨ ਕੌਰ

ਬੀ. ਪੀ. ਟੀ.

ਪਹਿਲਾ ਸਾਲ



# ਸੁੱਚੇ ਕਿਰਦਾਰ ਦੇ ਵਰਗੀ

ਖੁੱਲ੍ਹੀ ਕਿਤਾਬ ਦੇ ਵਰਗਾ ਹਾਂ ਮੈਂ

ਤੇ ਉਹ ਡੂੰਘੇ ਗਿਆਨ ਦੇ ਵਰਗੀ

ਉਹਦੇ ਨਾਮ ਨੂੰ ਲੈਣਾ ਇੰਝ ਲੱਗੇ

ਜਿਵੇਂ ਕੁਰਾਨ ਦੀ ਆਇਤ ਪੜ੍ਹਨੀ

ਮੈਂ ਤਾਂ ਹਨੇਰਿਆਂ ਦੀ ਕਾਲਖ ਹਾਂ

ਉਹ ਹੈ ਚੰਨ ਦੀ ਰੋਸ਼ਨੀ ਵਰਗੀ

ਢੇਹ ਜਾਂਦੀ ਹੈ ਕਿਧਰੇ ਆਸ ਮੇਰੀ

ਉਹ ਨਵੀਂ ਆਸ ਪ੍ਰਭਾਤ ਦੇ ਵਰਗੀ

ਧਰਤੀ ਤੇ ਕਿੰਨਾ ਕੁੱਝ ਹੈ ਚੁਫੇਰੇ

ਪਰ ਉਹ ਵਿਸ਼ਾਲ ਬ੍ਰਹਿਮੰਡ ਵਰਗੀ

ਚੰਨ ਤਾਰੇ ਕੀ ਦੱਸਣਗੇ ਉਹਦੇ ਬਾਰੇ

ਉਹ ਤਾਂ ਹੈ ਆਸਮਾਨ ਦੇ ਵਰਗੀ

ਕੋਈ ਵੀ ਸਾਜ਼ ਨਹੀਂ ਏਨਾ ਸੁਰੀਲਾ

ਉਹ ਕਿਸੇ ਰੂਹਾਨੀ ਸਾਜ਼ ਦੇ ਵਰਗੀ

ਸ਼ਬਦਾਂ ਦੀ ਗੱਲ ਵੀ ਏਨੀ ਭਾਰੀ ਨਾ

ਉਹ ਰੱਬ ਦੇ ਸੁੱਚੇ ਕਿਰਦਾਰ ਦੇ ਵਰਗੀ

ਉਹ ਰੱਬ ਦੇ ਸੁੱਚੇ ਕਿਰਦਾਰ ਦੇ ਵਰਗੀ।




ਮਨਦੀਪ ਸਿੰਘ

ਐੱਮ. ਏ. ਪੰਜਾਬੀ

# ਮੈਂ ਬਥੇਰਾ ਸਾਂਭ ਲਿਆ

ਓਹਦੀਆਂ ਅੱਖਾਂ 'ਚ ਨਮੀਂ ਸੀ

ਮੈਂ ਤਾਂ ਅਧੂਰਾ ਸੀ

ਬਸ ਓਹਦੀ ਕਮੀਂ ਸੀ

ਓਹਦੀ ਉਡੀਕ ਸੀ

ਪਰ ਅੱਜ ਟੁੱਟ ਗਈ

ਇਕ ਉਮੀਦ ਸੀ

ਓਹ ਵੀ ਮੁੱਕ ਗਈ

ਇੱਕ ਉਮੀਦ ਮੇਰੇ ਹਾਸੇ

ਖਾ ਗਈ

ਜਿੱਥੋਂ ਨਿਕਲੇ ਨਾ

ਓਥੇ ਡੁਬਾ ਗਈ

ਰੀਝਾਂ, ਸੁਪਨੇ ਗੁਆਚ ਗਏ

ਲੱਭਿਆ ਕੁਝ ਨਹੀਂ

ਹੁਣ ਲਿਖਤਾਂ 'ਚੋਂ

ਪਿਆਰ ਬੁੱਝ ਲਈ।

ਇੱਕ ਉਮੀਦ ਨੇ

ਐਨਾ ਤੋੜਤਾ

ਮੈਂ ਟੁੱਟਿਆ

ਤੇ ਉਹਨੂੰ ਕਿਸੇ ਹੋਰ

ਨਾਲ ਜੋੜਤਾ

ਓਸਨੇ ਕੁਝ ਸਾਂਭਿਆ ਨਾ

ਮੈਂ ਬਥੇਰਾ ਸਾਂਭ ਲਿਆ

ਓਹਨੂੰ ਮੈਂ ਯਾਦ ਵੀ ਨਹੀਂ ਹੋਣਾ

ਤੇ ਸਦਾ ਲਈ ਓਹਦਾ ਚਿਹਰਾ

ਸਾਂਭ ਲਿਆ

ਸ਼ੇਰੇ ਨੇ ਸੁਰਤਾਂ ਭਲਾਉਣ ਵਾਲਾ

ਚਿਹਰਾ ਸਾਂਭ ਲਿਆ।

ਸ਼ੇਰਾ ਸਿੰਘ

ਐੱਮ. ਏ. ਮਿਊਜ਼ਕ

ਦੂਜਾ ਸਾਲ



# ਮੁਹੱਬਤ

ਕੀ ਲਿਖਾਂ ਇਸ ਬਾਰੇ?

ਜਿਸ ਨੂੰ ਮਿਲ ਜਾਂਦੀ ਆ

ਉਸ ਦੀ ਜ਼ਿੰਦਗੀ ਤਾਂ

ਸਵਰਗ ਬਣ ਜਾਂਦੀ ਆ

ਪਰ ਜਿਸ ਦੀ ਗੁਆਚ ਜਾਏ

ਉਹ ਸਾਹ ਚਲਦਿਆਂ 'ਚ ਵੀ

ਇਕ ਮੁਰਦਾ ਬਣ ਰਹਿ ਜਾਂਦਾ ਆ

ਮੁਹੱਬਤ ਦੇ ਮਿਲ ਜਾਣ ਨਾਲ਼

ਬੇਰੰਗ ਜ਼ਿੰਦਗੀ 'ਚ ਵੀ ਰੰਗ ਭਰ ਜਾਂਦੇ ਆ

ਪਰ ਮੁਹੱਬਤ ਬਿਨਾਂ

ਮਹਿਲਾਂ ਵਰਗੇ ਘਰ ਵੀ

ਸੁਨਸਾਨ ਬਣ ਰਹਿ ਜਾਂਦੇ ਆ

ਮੁਹੱਬਤ ਦੇ ਆਸਰੇ

ਇਨਸਾਨ ਦੇ ਸਭ ਰੌਲੇ ਮੁੱਕ ਜਾਂਦੇ ਆ

ਪਰ ਮੁਹੱਬਤ ਬਾਝੋ

ਇਨਸਾਨ ਦੇ ਮਨ ਅੰਦਰ ਰੌਲਾ

ਤੇ ਚਿਹਰੇ ਉੱਤੇ ਚੁੱਪ ਛਾ ਜਾਂਦੀ ਆ

ਮੁਹੱਬਤ ਦਾ ਸਹਾਰਾ ਤਾਂ

ਕਈ ਰੋਗਾਂ ਦੀ ਦਵਾਈ ਬਣ ਜਾਂਦਾ ਆ

ਪਰ ਬਿਨਾਂ ਇਸ ਦੇ

ਇਨਸਾਨ ਜਵਾਨੀ 'ਚ ਹੀ

ਵਡਾ ਰੋਗੀ ਬਣ ਜਾਂਦਾ ਆ।

**ਪਵਨਦੀਪ ਕੌਰ**

**ਐੱਮ. ਏ. ਪੰਜਾਬੀ**



# ਮੌਤ ਕਿ ਜ਼ਿੰਦਗੀ

ਇਹ ਕੈਸੀ ਰਾਤ ਹੋਈ ਏ ਜ਼ਿੰਦਗੀ 'ਚ

ਰਾਤ ਨੂੰ ਸੋਚੀ ਹੋਈ ਖੁਦਕੁਸ਼ੀ

ਦਿਨ ਵੇਲੇ ਕਿਵੇਂ ਇਕ ਨਵੀਂ ਉਮੀਦ ਨਾਲ

ਬਦਲ ਜਾਂਦੀ ਏ?

ਪਹਿਰਾਂ ਤੋਂ ਘੜੀਆਂ ਤੇ ਘੜੀਆਂ ਤੋਂ ਪਲਾਂ

ਪਲਾਂ ਤੋਂ ਵਿਸੁਏ ਤੇ ਫਿਰ ਚਸੇ

ਕਿੰਝ ਤਿਥੀਆਂ ਨੂੰ ਭੁੱਲ ਮਹੀਨੇ ਸਾਲ

ਬਿਨਾਂ ਕਿਸੇ ਟੀਚੇ ਦੇ ਇਕ ਬਿੰਦ 'ਚ

ਬਦਲ ਜਾਂਦੀ ਏ?

ਇਹ ਕੀਤੇ ਹੋਏ ਵਾਅਦੇ ਤੇ ਪੱਕੇ ਇਰਾਦੇ

ਚਿਰਾਂ ਤੋਂ ਸੋਚੇ ਹੋਏ ਸੁਪਨੇ ਜੋ ਅਧੂਰੇ ਨੇ

ਪੂਰੇ ਹੋਣ ਜਾਂ ਨਹੀਂ,ਪਤਾ ਕੁਝ ਨਹੀਂ

ਇਹ ਕਿੱਥੋਂ ਆਏ ਤੇ ਕਦੋਂ ਆਏ

ਕਿਸਨੇ ਦਿੱਤੀ ਏ ਖੁਸ਼ੀ ਜੋ ਹਮੇਸ਼ਾਂ ਹੀ

ਨਿਰਾਸ਼ਾ 'ਚ ਬਦਲ ਜਾਂਦੀ ਏ

ਇਕ ਖਾਹਸ਼ਾਂ ਨੇ ਪੱਲੇ ਦੂਜੇ ਨਿਰਾਸ਼ਾ ਦੇ ਹੱਲੇ

ਕਿੰਝ ਬਿਨਾਂ ਖੰਭਾਂ ਦੇ ਉਡਾਰੀਆਂ

ਬਿਨਾਂ ਕਿਸੇ ਪੁਲਾਂ ਦੇ ਸਮੁੰਦਰਾਂ ਨੂੰ ਪਾਰ ਕਰ

ਬਦਲ ਜਾਂਦੀ ਏ ਜ਼ਿੰਦਗੀ?

ਕੋਈ ਏਨਾ ਮਨਹੂਸ ਜਾਂ ਗਿਆ ਗੁਜਰਿਆ

ਕਿਵੇਂ ਹੋ ਸਕਦਾ ਏ, ਕਿਉਂ ਹੋ ਸਕਦਾ ਏ

ਕਿ ਉਸਦੇ ਗੁਜ਼ਰਣ ਤੋਂ ਪਹਿਲਾਂ

ਅੱਗੋਂ ਦੀ ਗੁਜ਼ਾਰਣ ਵਾਲਾ ਹੀ ਗੁਜ਼ਰ ਜਾਏ

ਕਿਵੇਂ ਸਥਿਤੀ ਬਦਲ ਦੇਂਦੀ ਏ ਜ਼ਿੰਦਗੀ?

ਪੈਦਾ ਕਰਨ ਵਾਲਿਆ ਸਵਾਲ ਏ ਤੇਰੇ ਅੱਗੇ

ਖ਼ੁਦਕੁਸ਼ੀ ਨੂੰ ਉਮੀਦ 'ਚ ਕਿਉਂ ਬਦਲਦੈ


ਕਿਉਂ ਬਿਨਾਂ ਕਿਸੇ ਟੀਚੇ ਤੋਂ ਜ਼ਿੰਦਗੀ ਬਿਤਾਉਣ

ਲਈ ਮਜਬੂਰ ਕਰਦੈਂ, ਇਸ ਤੋਂ ਚੰਗਾ

ਮੌਤ 'ਚ ਬਦਲ ਦੇ ਜ਼ਿੰਦਗੀ।

**ਉਂਕਾਰ ਸਿੰਘ**

**ਐੱਮ. ਏ. ਪੰਜਾਬੀ**



# ਤੇਰੇ ਇੱਕ ਜਵਾਬ ਦੇ ਅੱਗੇ

ਤੇਰੇ ਮੱਥੇ ਦੀ ਤਾਬ ਦੇ ਅੱਗੇ।
ਦੀਵਾ ਕੀ ਏ ਆਫ਼ਤਾਬ ਦੇ ਅੱਗੇ?

ਵੇ ਤੇਰੇ ਮੁਖ ਦੇ ਦਾਗ਼ ਨੇ ਐਦਾਂ,
ਜੀਕਣ ਤਾਰੇ ਮਹਿਤਾਬ ਦੇ ਅੱਗੇ।

ਤੇਰੇ ਅੱਗੇ ਸਭ ਸ਼ੈਆਂ ਫਿੱਕੀਆਂ,
ਸਭ ਫੁੱਲ ਜਿੱਦਾਂ ਗੁਲਾਬ ਦੇ ਅੱਗੇ।

ਕਿ ਝੂਠੀ ਲੱਗੇ ਹਰ ਹਕੀਕਤ,
ਤੇਰੇ ਆਏ ਇੱਕ ਖ਼ਵਾਬ ਦੇ ਅੱਗੇ।

ਦੁਨੀਆਂ ਝੁਕਦੀ ਰੱਬ ਦੇ ਅੱਗੇ,
ਰੱਬ ਝੁਕਦਾ ਮੇਰੇ ਜਨਾਬ ਦੇ ਅੱਗੇ।

ਵੇ ਮੇਰੇ ਸਭ ਸਵਾਲ ਨੇ ਛੋਟੇ,
ਸੱਜਣ,ਤੇਰੇ ਇੱਕ ਜਵਾਬ ਦੇ ਅੱਗੇ।



ਸਾਹਿਬਜੀਤ ਸਿੰਘ
ਬੀ. ਏ. ਤੀਜਾ ਸਾਲ

# ਮੇਰਾ ਵੀਰ

ਕਈ ਵਾਰ ਉਨ੍ਹੇ ਪਿਆਰ ਵੀ ਮਾਂ ਵਾਂਗ ਦਿਖਾਇਆ ਏ,

ਕਈ ਵਾਰ ਉਨ੍ਹੇ ਗੁਸਾ ਵੀ ਪਿਉ ਵਾਂਗ ਦਿਖਾਇਆ ਏ,

ਕਈ ਵਾਰ ਉਨ੍ਹੇ ਮੈਨੂੰ ਆਪਣਾ ਦੋਸਤ ਬਣ ਕੇ ਦਿਖਾਇਆ ਏ,

ਹਰ ਵਾਰ ਉਨ੍ਹੇ ਆਪਣਾ ਹਰ ਇੱਕ ਫ਼ਰਜ਼ ਨਿਭਾਇਆ ਏ,

ਹਰ ਵਾਰ ਮੇਰੇ ਲਈ ਉਨੇ ਆਪਣਾ ਬੜਾ ਕੁਝ ਗਵਾਇਆ ਏ,

ਉਂਝ ਹੋਰ ਕੋਈ ਨਹੀਂ,

ਮੇਰਾ ਵੀਰ ਏ,

ਜਿਹਨੇ ਮੈਨੂੰ ਖੁਸ਼ ਰੱਖਣ ਲਈ

ਆਪਣਾ ਹਰ ਇੱਕ ਦਰਦ ਲੁਕਾਇਆ ਏ,

ਮੇਰੀ ਜ਼ਿੰਦਗੀ ਬਣਾਉਣ ਲਈ,

ਆਪਣੀ ਜ਼ਿੰਦਗੀ ਦਾ ਹਰ ਸੁੱਖ ਦਾਅ 'ਤੇ ਲਾਇਆ ਏ,

ਸ਼ੁਕਰਾਨਾ ਕਰਦੀ ਆ ਉਸ ਪਰਮਾਤਮਾ ਦਾ,

ਜਿਨ੍ਹੇ ਅਨਮੋਲ ਵੀਰੇ ਤੈਨੂੰ ਮੇਰਾ ਵੀਰ ਬਣਾਇਆ ਏ।

**ਅੰਮ੍ਰਿਤਪ੍ਰੀਤ ਕੌਰ**

**ਬੀ. ਪੀ. ਟੀ. ਪਹਿਲਾ ਸਾਲ**



# ਖਾਰਾ ਹੰਝੂ

ਵੈਸੇ ਜਿੰਨਾ ਤੂੰ ਬਦਨਾਮ ਐ ਕੀਤਾ
ਮੈਂ  ਓਨਾ ਮਾੜਾ ਨਈਂ ਹੈਗਾ
ਕੋਲ ਤੇਰੀਆ ਯਾਦਾਂ ਹੀ ਬਚੀਆਂ ਨੇ ਬਸ
ਹੁਣ ਤੇ ਤੇਰੇ ਸ਼ਹਿਰ ਦਾ ਮੈਥੋਂ ਭਾੜਾ ਨਈਂ ਹੈਗਾ

ਇੱਥੇ ਸਾਰਿਆਂ ਦੇ ਖ਼ੂਨ ਦਾ ਰੰਗ ਇੱਕੋ ਜਿਹਾ ਏ
ਮੇਰਾ ਫਿੱਕਾ ਤੇ ਤੇਰਾ ਗਾੜਾ ਨਈਂ ਹੈਗਾ
ਸਾਰਾ ਬੋਝ ਤੇ ਮੈਂ ਕੱਲਿਆ ਢੋਇਆ ਸੀ
ਤੇਰਾ ਵੀ ਦਿਲ ਹੁਣ ਭਾਰਾ ਨਈ ਹੈਗਾ

ਸੋਚਿਆ ਚੱਲ ਮੰਗ ਲੈਂਦਾ ਰੱਬ ਤੋਂ ਤੈਨੂੰ
ਅਸਮਾਨ 'ਚ ਇੱਕ ਵੀ ਟੁੱਟਿਆ ਤਾਰਾ ਨਈਂ ਹੈਗਾ
ਤੈਨੂੰ ਵੇਖ ਕੇ ਮੈਨੂੰ ਬੜੀ ਹੈਰਤ ਹੋਈ
ਤੇਰੀ ਅੱਖ ਦਾ ਹੰਝੂ ਇਕ ਵੀ ਖਾਰਾ ਨਈਂ ਹੈਗਾ

ਜਿੱਥੇ ਅਕਸਰ ਹੀ ਮੇਰਾ ਕਬੂਤਰ ਆ ਬਹਿੰਦਾ ਸੀ
ਹੁਣ ਓਸ ਗਲ਼ੀ ਚਬਾਰਾ ਨਈਂ ਹੈਗਾ
ਜਿਹੜਾ ਮਜ਼ਬੂਰੀ 'ਚ ਭੁੱਲਰਾ ਤੈਨੂੰ ਛੱਡ ਤੁਰਿਆ
ਅੱਜਕੱਲ੍ਹ ਖਿੜਕੀ 'ਚ ਓ ਸ਼ਕਸ਼ ਵਿਚਾਰਾ ਨਈ ਹੈਗਾ..!



ਗੁਰਸ਼ਰਨਜੀਤ ਸਿੰਘ
ਬੀ. ਏ. ਤੀਜਾ ਸਾਲ

# ਇਗਨੋਰ

ਤੇਰੀ ਆਕੜ ਵੀ ਮੈਂ

ਦੇਣੀ ਏ ਭੰਨ ਨੱਖਰੇ

ਤੂੰ ਇੱਕ ਵਾਰੀ ਮੌਕਾ

ਦੇ ਕੇ ਤਾਂ ਦੇਖ ਸੋਹਣੀਏ

ਥੋੜਾ ਇਗਨੋਰ ਘੱਟ

ਕਰਿਆ ਕਰ ਯਾਰਾਂ ਨੂੰ

ਕਦੇ ਯਾਰੀ ਵੀ ਕਮਾ ਲਿਆ ਕਰ

ਓ ਕੱਦ ਯਾਰੀ ਵੀ ਕਮਾ ਲਿਆ ਕਰ

ਦੇਖੀ ਤੂੰ ਤੇਰੇ ਔਖੇ ਟਾਈਮ ਵਿਚ

ਤੇਰੀ ਏਹੀ ਯਾਰੀ ਕੰਮ ਆਊ ਵੇ

ਔਖੇ ਟਾਈਮ ਵਿਚ

ਤੇਰੀ ਏਹੀ ਯਾਰੀ ਕੰਮ ਆਊ ਵੇ।

ਗੁਰਨੂਰ ਸਿੰਘ ਗੋਰਾਇਆ

ਬੀ. ਵੋਕ. ਫੂਡ ਪਰੋਸੈਸ

ਪਹਿਲਾ ਸਾਲ



# ਮੇਰੀ ਕਿਤਾਬ

ਮੇਰੀ ਕਿਤਾਬ ਦੇ ਪੰਨਿਆਂ ‘ਤੇ ਕੁਝ ਦਾਗ਼ ਨੇ,
ਅੱਖਾਂ ਚੋਂ ਡਿੱਗਦੇ ਹੰਝੂ ਬਣੇ ਦਰਦਾਂ ਦੇ,
ਮੇਰੇ ਕੱਚੇ ਵਿਹੜੇ ਦੀਆਂ ਉਡਦੀਆਂ ਗਰਦਾਂ ਦੇ।
ਕੁਝ ਚੋਂਦੀ ਕਾਨਿਆਂ ਦੀ ਛੱਤ ਦੇ ਪਾਣੀ ਦੇ,
ਤੇ ਬਚਪਨ ਵਿਚ ਵੱਖ ਹੋ ਗਏ ਕਿਸੇ ਹਾਣੀ ਦੇ।

ਮੇਰੀ ਕਿਤਾਬ ਦੇ ਪੰਨਿਆਂ ਵਿਚ ਕੁਝ ਫੁੱਲ ਨੇ ,
ਕੁਝ ਫੁੱਲ ਨੇ ਜਿਨ੍ਹਾਂ ਦੀ ਮੈਂ ਜਾਨ ਲੈ ਲਈ,
ਕੁਝ ਫੁੱਲ ਨੇ ਜਿਨ੍ਹਾਂ ਮੇਰੀ ਜਾਨ ਲੈ ਲਈ
ਕੁਝ ਫੁੱਲ ਜੋ ਫੁੱਲ ਬਣਨ ਲਈ ਤਰਸਦੇ ਰਹੇ,
ਬਚੇ ਅਭਾਗੇ ਫੁੱਲ ਜਿਨ੍ਹਾਂ ‘ਤੇ ਦੁੱਖ ਵਰਸਦੇ ਰਹੇ।

ਮੇਰੀ ਕਿਤਾਬ ਵਿਚ ਕੁਝ ਕਵਿਤਾਵਾਂ ਨੇ,
ਕੁਝ ਕਵਿਤਾਵਾਂ ਖੇਤਾਂ-ਖੂਹਾਂ ਬਾਰੇ ਨੇ,
ਕੁਝ ਕਵਿਤਾਵਾਂ ਤੇਰੇ ਪਰਤਣ ਬਾਰੇ ਨੇ
ਕੁਝ ਕਵਿਤਾਵਾਂ ਨਾਸਤਿਕ ਤੇ ਰੱਬ ਬਾਬਤ ਨੇ,
ਕੁਝ ਕਵਿਤਾਵਾਂ ਇਸ਼ਕ ਦੀ ਇਬਾਬਤ ਨੇ ।

ਮੇਰੀ ਕਿਤਾਬ ਨੂੰ ਖ਼ਾਸ ਬਣਾਇਆ ਏ

ਮੇਰੀ ਧੀ ਨੇ ਸ਼ਾਇਰਾਂ ਨੂੰ ਸਵਾਲ ਪਾਇਆ ਏ,

ਜਿਨ੍ਹਾਂ ਸਦਾ ਸਾਹਿਬਾ ਤੇ ਹੀਰ ਦਰਸਾਇਆ ਏ

'ਸੋ ਕਿਉਂ ਮੰਦਾ ਆਖੀਏ' ਕਹਿਕੇ ਮੂੰਹੋਂ ਆਪੇ ਭੁੱਲਦੇ ਨੇ ,

ਦੱਸੋ ਐਸੀ ਕਿਹੜੀ ਜੰਨਣੀ ਜੀਹਦੇ ਨੈਣਾਂ 'ਚੋਂ ਜਾਮ ਡੁੱਲਦੇ ਨੇ।

ਸਾਡੇ ਉੱਤੇ ਪਾਕ ਜਿਹੀ ਕਿਤਾਬ ਲਿਖ ਦਿਓ।

ਤਾਰਾਂ ਦੀ ਧੁੰਨ 'ਚੋਂ ਨਿਕਲਦਾ ਨੂਰੀ ਰਾਗ ਲਿਖ ਦਿਓ।

ਜੇ ਨਹੀਂ ਤਾਂ ਅੰਤ ਕੁਦਰਤ ਮੇਰਾ ਨਾਮ ਲਿਖ ਦਿਉ।

ਜੇ ਨਹੀਂ ਸ਼ਾਹ ਬੁੱਲ੍ਹਾ ਤੇ ਬਾਹੂ ਸੁਲਤਾਨ ਹੀ ਕਰ ਦਿਓ।

ਇਹ ਮੇਰੀ ਅਰਜ਼ੀ ਮੇਰੇ ਅਸਮਾਨ 'ਤੇ ਧਰ ਦਿਓ।

**ਲਵਪ੍ਰੀਤ ਸਿੰਘ**

**ਬੀ. ਏ. ਤੀਜਾ ਸਾਲ**



# ਮੌਤ ਵਾਲੀ ਰਾਤ

ਸ਼ਾਮ ਢਲੀ ਰਾਤ ਕਾਲੀ ਆਈ

ਤੇ ਰਾਤਾ ਵਿਚ ਹਨੇਰਾ

ਹਨੇਰੇ ਵਿਚ ਮੈਂ ਟੁਰਦਾ ਜਾਵਾਂ

ਕਦ ਆਵੇਗਾ ਨਵਾਂ ਸਵੇਰਾ।

ਸਵੇਰੇ ਵਿਚ ਮੈਂ ਸੋਚਣ ਲੱਗਿਆ

ਕੀ ਵਜੂਦ ਹੈ ਬੰਦਿਆ ਤੇਰਾ।

ਸਾਹਾਂ ਦਾ ਤੂੰ ਪੁਤਲਾ ਹੋਸੀ

ਬਿਨ ਸਾਹ ਮਿੱਟੀ ਢੇਰੀ।

ਦੋ ਪਲ ਦੀ ਹੈ ਜ਼ਿੰਦਗੀ ਤੇਰੀ

ਕਿਉਂ ਕਰਦੇ ਮੇਰੀ ਮੇਰੀ।

ਮੇਰੀ ਮੇਰੀ ਕਰਕੇ ਬੰਦਿਆ

ਤੂੰ ਇਹ ਸੰਸਾਰ ਬਣਾਇਆ।

ਮਰ ਜਾਵਣ ਤੇ ਇਸ ਸੰਸਾਰ ਨੇ

ਫਿਰ ਤੈਨੂੰ ਨਾ ਅਪਣਾਇਆ।

ਰਿਸ਼ਤੇਦਾਰ ਸਾਕ ਸਬੰਧੀਆਂ ਨਾਲ ਤੂੰ

ਖ਼ੂਬ ਪਿਆਰ ਜਤਾਉਣਾ ਸੈਂ।

ਆਪਣੇ ਮੂੰਹ 'ਚੋਂ ਕੱਢ ਕੇ ਬੁਰਕੀ

ਉਹਨਾਂ ਦੇ ਮੂੰਹ ਵਿਚ ਪਾਉਣਾ ਸੈਂ।

ਉਹਨਾਂ ਹੀ ਤੈਨੂੰ ਲਾਂਬੂ ਲਾਇਆ

ਪਲ ਵੀ ਤੈਨੂੰ ਕੋਲ ਨਾ ਲਾਇਆ।

ਚੱਕ ਲੋ ਚੱਲ ਲੋ ਪੈ ਗਿਆ ਰੌਲਾ

ਮੋਢੇ ਦਾ ਭਾਰ ਕੀਤਾ ਹੋਲਾ।

ਲਾਂਬੂ ਲਾ ਤੇਰੀ ਦੇਹੀ ਨੂੰ

ਸਭ ਨੇ ਲਾਗੋਂ ਟੁਰ ਜਾਣਾ।

ਮੇਰੀ ਮੇਰੀ ਕਿਸ ਲਈ ਕਰਦਾ

ਕਿਸੇ ਨਹੀਂ ਤੇਰੇ ਨਾਲ ਜਾਣਾ।

ਸੁਖਮਨ ਸਿੰਘ ਇਹ ਜੱਗ ਬਉਰਾਨਾ

ਮਾਲਿਕ ਬਾਣੀ ਵਿਚ ਕਹਿ ਗਿਆ।

ਕਈ ਆਏ ਇੱਥੇ ਤੇਰੇ ਜਿਹੇ ਸਿਕੰਦਰ

ਦੱਸ ਕਿਹੜਾ ਨਾਲ ਸੂਈ ਵੀ ਲੈ ਗਿਆ?



ਸੁਖਮਨਜੀਤ ਸਿੰਘ ਬੰਡਾਲਾ

ਬੀ. ਏ.

# ਮੁਹੱਬਤ ਅੱਗੇ ਹਾਰਨਾ

ਸੂਰਜ ਨਾਲ ਅੱਖੀਆਂ ਮਿਲਾਉਣ ਵਾਲੇ ਆਂ,

ਪਰ ਤੇਰੇ ਅੱਗੇ ਯਾਰਾ ਸ਼ਰਮਾਉਣ ਵਾਲੇ ਆਂ।

ਹਾਂ, ਉਂਝ ਬੜੇ ਦਲੇਰ ਆਂ ਅਸੀਂ,

ਪਰ ਤੇਰੇ ਅੱਗੇ ਘਬਰਾਉਣ ਵਾਲੇ ਆਂ।

ਦਿਲ ਦੇ ਰਾਜ਼ ਕਿਸੇ ਅੱਗੇ ਖੋਲ੍ਹਦੇ ਨਈਂ,

ਪਰ ਤੈਨੂੰ ਦਿਲ ਹੀ ਖੋਲ੍ਹ ਕੇ ਵਖਾਉਣ ਵਾਲੇ ਆਂ।

ਸਾਰੀ ਦੁਨੀਆਂ ਸਾਹਮਣੇ ਬੋਲਦੇ ਨਈਂ ਥੱਕਦੇ,

ਪਰ ਤੈਨੂੰ ਚੁੱਪ ਆਪਣੀ ਸੁਣਾਉਣ ਵਾਲੇ ਆਂ।

ਮੰਨਿਆ ਕਿ ਸ਼ੌਂਕ ਹਮੇਸ਼ਾਂ ਜਿੱਤਣ ਦਾ ਰਿਹਾ,

ਪਰ ਤੇਰੇ ਅੱਗੇ ਖੁਦ ਨੂੰ ਹਰਾਉਣ ਵਾਲੇ ਆਂ।

ਤੇਰੇ ਅੱਗੇ ਖੁਦ ਨੂੰ ਹਰਾਉਣ ਵਾਲੇ ਆਂ।



ਹਰਬੰਸ ਕੌਰ

ਬੀ. ਸੀ. ਏ. ਤੀਜਾ ਸਾਲ

# ਤੇਰੇ ਜਿਹੀ

ਉਂਝ ਤਾਂ ਮੈਨੂੰ ਮਿਲਣ ਬਥੇਰੇ ਪਰ

ਤੇਰੇ ਨਾਲ ਮਿਲ ਕੇ ਸਕੂਨ ਮਿਲ ਦਾ ਏ

ਤੈਨੂੰ ਮਿਲ ਕੇ ਇੰਝ ਏ ਲੱਗਦਾ ਜਿਉਂ

ਨਵਜੰਮਿਆ ਫੁੱਲ ਖਿਲਦਾ ਏ

ਜਿਵੇਂ ਆ ਕੁਦਰਤ ਰੰਗ ਭਰ ਦੇਂਦੀ ਫੁੱਲਾਂ 'ਚ

ਇਵੇਂ ਤੇਰੇ ਕੋਲ ਬੈਠ ਕੇ, ਦੇਹ ਨੂੰ ਰੰਗਣ ਮਿਲਦਾ ਏ

ਪਗਡੰਡੀਆਂ ਜੋ ਤੇਰੀ ਤਰਫ਼ ਨੂੰ ਆਉਂਦੀਆ ਨੇ

ਦਿਲ ਮੇਰੇ ਦੀ ਦੌੜ ਉਸ ਪਗਡੰਡੀ ਤੇ ਰਹਿੰਦੀ ਆ

ਤੇਰੇ ਕੋਲ ਬੈਠਾ ਰਹਾਂ ਮੈਂ ਚੱਤੋ ਪਹਿਰ

ਨਬਜ਼ ਮੇਰੀ ਵੀ ਇਹੀਓ ਕਹਿੰਦੀ ਰਹਿੰਦੀ ਆ

ਅੰਬਰੋਂ ਸੁਆਂਤੀ ਕਿਰਦੀ ਜਿਹੜੀ ਠੰਡੀ ਜਿਹੀ

ਮੈਂ ਬਬੀਹਾ ਤੇਰੇ ਕੋਲੋਂ ਮਿਲਦੀ ਆ

ਅਫ਼ਸੋਸ ਜਿਹਾ ਨਹੀਂ ਫਿਰ ਵੀ ਜੇ ਮਿਲੇ ਨਾ ਤੂੰ ਰੋਜ ਮੈਨੂੰ

ਬਸ ਇਹ ਤਾਂ ਤੈਨੂੰ ਦੱਸਣੀ ਸੀ ਗੱਲ ਦਿਲਦੀ

ਸੁੰਦਰੀਆਂ ਤਾਂ ਬਹੁਤ ਮਿਲ਼ਦੀਆਂ ਰਹਿੰਦੀਆਂ ਨੇ

ਤੇਰੇ ਜਿਹੀ ਕਮਾਲ ਨਹੀਂ ਆ ਮਿਲਦੀ।



ਸਹਿਬਾਜਦੀਪ ਸਿੰਘ ਗੁਲਸ਼ਨ

ਐੱਮ. ਏ. ਪੰਜਾਬੀ ਦੂਜਾ ਸਾਲ

# ਨੀਂਦ ਦਿਲ ਵਕਤ

ਨੀਂਦ, ਦਿਲ, ਤੇ ਵਕਤ ਦਾ
ਬਹੁਤ ਅਨੋਖਾ ਰਿਸ਼ਤਾ ਹੈ

ਬਚਪਨ ਵਿਚ ਨੀਂਦ ਆਉਂਦੀ ਹੈ
ਵਕਤ ਵੀ ਹੁੰਦਾ ਹੈ
ਪਰ ਸੌਣ ਨੂੰ ਦਿਲ ਨਹੀਂ ਕਰਦਾ

ਜਵਾਨੀ ਵਿਚ ਨੀਂਦ ਆਉਂਦੀ ਹੈ
ਦਿਲ ਵੀ ਕਰਦਾ ਹੈ
ਪਰ ਵਕਤ ਨਹੀਂ ਹੁੰਦਾ

ਬੁਢਾਪੇ ਵਿਚ ਸੌਣ ਨੂੰ ਦਿਲ ਕਰਦਾ ਹੈ
ਵਕਤ ਵੀ ਹੁੰਦਾ ਹੈ
ਪਰ ਨੀਂਦ ਨਹੀਂ ਆਉਂਦੀ।



ਸੁਖਬੀਰ ਕੌਰ ਬਾਠ
ਐੱਮ. ਏ. ਪੰਜਾਬੀ.

# ਬੇਵਫਾਵਾਂ ਦਿਆਂ ਸ਼ਹਿਰ ਵਿਚ

ਵੀਣੀ ਵਿਚ ਵੰਗ ਪਈ ਪੁੱਛਦੀ ਏ ਮੈਨੂੰ,

ਕਿੱਥੇ ਗਿਆ ਚੰਨ ਇਕ ਰਾਤ ਕੱਢਕੇ।

ਇੱਕ ਦਿਨ ਦਾ ਪ੍ਰਾਹੁਣਾ ਓਹ ਬਣ ਕੇ ਸੀ ਆਇਆ,

ਜਿਹੜਾ ਕਹਿੰਦਾ ਸੀ ਨਾ ਜਾਊਂਗਾ ਤੈਨੂੰ ਛੱਡ ਕੇ।

ਝਾਂਜਰ ਜੋ ਪਾਈ ਮੇਰੇ ਪੈਰਾਂ ਵਿਚ ਹੱਥੀ ਚੰਨਾ,

ਓਹ ਵੀ ਪੁੱਛਦੀ ਏ ਮੈਨੂੰ ਏਹ ਸਵਾਲ ਕਰਦੀ।

ਕਿੱਥੇ ਗਿਆ ਤੇਰਾ ਓਹ ਸੱਜਣ ਪਿਆਰਾ,

ਜੋ ਕਹਿੰਦਾ ਛਣ ਛਣ ਕਰ ਏ ਬਵਾਲ ਕਰਦੀ।

ਨਾਲੇ ਪੁੱਛਦੀਆਂ ਸਖੀਆਂ ਵੀ ਤੇਰੇ ਬਾਰੇ ਸੱਜਣਾ ਵੇ,

ਕਹਿੰਦੇ ਕਿੱਥੇ ਗਿਆ ਗੂੜੀਆਂ ਪ੍ਰੀਤਾਂ ਵਾਲਾ ਓ।

ਸਮਝਾਉਂਦੀਆਂ ਨੇ ਨਾਲੇ ਮੈਨੂੰ ਤਾਹਨੇ ਮੇਹਣੇ ਮਾਰਦੀਆਂ,

ਨਾਲੇ ਆਖਦੀਆਂ ਝੂਠੀਆਂ ਸੀ ਰੀਤਾਂ ਵਾਲਾ ਓ।

ਬੇਵਫਾਵਾਂ ਦਿਆਂ ਸ਼ਹਿਰ ਵਿਚ ਵੱਸਣ ਤੂੰ ਵਾਲਿਆ ਵੇ,

ਮੇਰੀਆਂ ਜੋ ਤੇਰੇ ਲਈ ਵਫਾਵਾਂ ਮੈਨੂੰ ਪੁੱਛਦੀਆਂ।

ਜਿਹੜੀਆਂ ਸੀ ਜਗਾ ਉੱਤੇ ਇਕੱਠੇ ਅਸੀਂ ਬੈਠੇ ਕਦੀਂ,

ਅੱਜ ਉਹੀ ਚੰਦਰੀਆਂ ਥਾਵਾਂ ਮੈਨੂੰ ਪੁੱਛਦੀਆਂ।

ਸਿੱਧਾ ਮੇਰੇ ਮੂਹਰੇ ਆ ਕੇ ਦੱਸ ਜਾਂਦਾ ਹਾਣੀਆਂ ਵੇ,

ਮੇਰਾ ਪਿਆਰ ਛੱਡ ਹੋਰਾਂ ਨੂੰ ਏ ਚਾਹੁੰਦਾ ਤੂੰ।

ਜਿਹੜੇ ਮੈਨੂੰ ਪੁੱਛਦੇ ਆ ਤੇਰੇ ਬਾਰੇ ਸੱਜਣਾ ਵੇ,

ਮੈਨੂੰ ਦੱਸ ਜਾਂਵੀ ਕੀ ਮੈਂ ਜਵਾਬ ਦੇਵਾਂ ਉਹਨਾਂ ਨੂੰ।



ਸਤਨਾਮ ਸਿੰਘ ਵੇਰਕਾ

ਬੀ. ਏ. ਤੀਜਾ ਸਾਲ

# ਪਰਖ ਕੇ ਵੇਖ ਲੈ

ਜਿਹੜਾ ਨਾਲ ਨਾ ਰਹਿਣਾ ਚਾਹਵੇ
ਉਹਨੂੰ ਕੋਲ ਕੀ ਰੱਖਣਾ?

ਜਿਹੜਾ ਚੁੱਪ ਦੇ ਪਿੱਛੇ ਦੀ ਪੀੜ ਨਾ ਸਮਝੇ
ਉਹਨੂੰ ਬੋਲ ਕੇ ਵੀ ਕੀ ਦੱਸਣਾ।

ਤੈਨੂੰ ਜਿਹੜੇ ਚੰਗੇ ਲੱਗਦੇ
ਤੂੰ ਉਹਨਾਂ ਦੇ ਕੋਲ ਰਹਿ ਕੇ ਵੇਖ ਲੈ।

ਜਿਹੜੇ ਤੇਰੇ ਨੇੜੇ ਹੁੰਦੇ ਨੇ
ਤੂੰ ਉਹਨਾਂ ਦੇ ਨਾਲ ਬਹਿ ਕੇ ਵੇਖ ਲੈ।

ਕੋਈ ਤੈਨੂੰ ਮੇਰੇ ਵਾਂਗ ਪਿਆਰ ਕਰਕੇ ਵੀ ਦਿਖਾਵੇ
ਤੂੰ ਪਰਖ ਕੇ ਵੇਖ ਲੈ।
ਤੂੰ ਪਰਖ ਕੇ ਵੇਖ ਲੈ।



ਮਾਨਵੀ ਸ਼ਰਮਾ
ਬੀ. ਐੱਸ. ਸੀ. ਮੈਡੀਕਲ
ਦੂਜਾ ਸਾਲ

# ਖ਼ੁਦਾ ਮਿਲੇ ਤਾਂ ਸਹੀਂ

ਮੈਂ!

ਅਜੇ ਕਾਬਿਲ ਨਹੀਂ ਸੀ ਸ਼ਾਇਦ,

ਪਰ ਗੁਸਤਾਖੀ ਤਾਂ ਕਰਨੀ ਪਊ,

ਤੈਨੂੰ!

ਵਾਸਤਵ ਵਿੱਚ ਸਮਝਣ ਲਈ,

ਦਲੀਲ ਤਾਂ ਭਰਨੀ ਪਊ,

ਜਾਨਣਾ ਚਾਹੁੰਦਾ ਹਾਂ ਮੈਂ,

ਕੀ ਹੈ ਤੂੰ ਮੇਰੇ ਲਈ,

ਇੱਕ ਰਾਹੀ, ਸਾਥ ਜਾਂ ਮੰਜ਼ਿਲ,

ਜਾਂ ਕੋਈ ਰਾਹਗੀਰ ਜਿਹੀ!

ਬਹੁਤ ਕਰਨੇ ਨੇ ਸਵਾਲ ਮੈਂ,

ਖ਼ੁਦਾ ਮਿਲੇ ਤਾਂ ਸਹੀਂ!

ਮੈਂ!

ਨਿੱਤ ਹੀ ਰਿਸ਼ਤੇ ਜੋੜਦਾ ਹਾਂ,

ਕਿਧਰੇ ਹਮਸਫਰ ਦੀ ਤਲਾਸ਼ ਵਿੱਚ,

ਤੈਨੂੰ!

ਜਦ ਵੀ ਨੇੜੇ ਦੇਖਦਾ,

ਕਿਉਂ ਪੈਂਦੀ ਦਿਲ ਨੂੰ ਖਿੱਚ,

ਕੀ ਹੈ ਦਰਮਿਆਨ ਆਪਣੇ,

ਕੀ ਤੂੰ ਕੁਝ ਜਾਣਦੀ ਏ,

ਇੱਕ ਅਹਿਸਾਸ, ਪਿਆਰ ਜਾਂ ਅਪਣਾਹਤ,

ਜਾਂ ਕੋਈ ਪੀੜ ਅਣਕਹੀ!

ਬਹੁਤ ਕਰਨੇ ਨੇ ਸਵਾਲ ਮੈਂ,

ਖੁਦਾ ਮਿਲੇ ਤਾਂ ਸਹੀਂ!

ਮੈਂ!

ਰੱਬ ਨੂੰ ਅਸਲ ਮੰਨਿਆ ਏ,

ਹਰ ਥਾਂ ਜੋ ਸਹਾਇ ਬੈਠਾ,

ਤੈਨੂੰ!

ਰੂਪ ਉਸਦਾ ਜਾਣ ਕੇ,

ਮਨ ਅੰਦਰ ਧਿਆਇ ਬੈਠਾ,

ਇਸ ਮਾਨਵਰੂਪੀ ਸਰੀਰ ਵਿੱਚ,

ਕਿਉਂ ਨਾਲ ਮੇਰੇ ਗੰਢ ਜੋੜੀ,

ਇੱਕ ਸੌਦਾ, ਦਾਨ ਜਾਂ ਪਰਉਪਕਾਰ,

ਜਾਂ ਕੋਈ ਕਰਮ ਵਹੀ!

ਬਹੁਤ ਕਰਨੇ ਨੇ ਸਵਾਲ ਮੈਂ,

ਖ਼ੁਦਾ ਮਿਲੇ ਤਾਂ ਸਹੀਂ!

ਮੈਂ!

ਹੋਰ ਨਹੀਂ ਹੁਣ ਭੱਜ ਸਕਦਾ,

ਸੁਪਨੇ ਪੂਰਤੀ ਦੀ ਚਾਹਤ ਕਰਕੇ,

ਤੈਨੂੰ!

ਪੇਸ਼ਕਾਰੀ ਦੱਸ ਕਿਵੇਂ ਕਰਾਂ,

ਮਨ ਆਪਣੇ ਤੇ ਪੱਥਰ ਧਰਕੇ,

ਸਭ ਤੇਰੇ ਤੇ ਨਿਰਭਰ ਹੈ,

ਕੀ ਭਾਵ ਰੱਖੇ ਮੇਰੇ ਲਈ,

ਇੱਕ ਪ੍ਰੀਤਮ, ਦਰਦੀ ਜਾਂ ਵੈਦ,

ਜਾਂ ਕੋਈ ਖੁਸ਼ਗੀਰ ਰਹੀ,

ਬਹੁਤ ਕਰਨੇ ਨੇ ਸਵਾਲ ਮੈਂ,

ਖ਼ੁਦਾ ਮਿਲੇ ਤਾਂ ਸਹੀਂ!



ਪ੍ਰੀਤ ਸਿੰਘ ਭੈਣੀ

ਐੱਮ. ਏ. ਪੰਜਾਬੀ.

ਦੂਜਾ ਸਾਲ

# ਪਰਵਾਸ ਦੀ ਤਾਂਘ

ਨੀ ਮੜੀਏ, ਮੈਂ ਤੇਰਾ ਵਿਹੜਾ ਤੱਕਦੀ ਆਂ,

ਸਦੀਵੀ ਚੁੱਪ ਜਿਹਾ ਅਲੋਪ ਤੇਰਾ ਚਿਹਰਾ ਤੱਕਦੀ ਆਂ।

ਕਈ ਵੇਰਾਂ, ਲੰਘ ਜਾਨੀ ਆਂ ਅਣਵੇਖਿਆਂ ਕਰ,

ਸੋਚੀਂ ਨਾ ਮੈਂ ਆਕੜ ਰੱਖਦੀ ਆਂ।

ਮੈਂ ਹੀ ਆਂ, ਜਾਂ ਤੂੰ ਵੀ ਮੈਨੂੰ ਉਡੀਕਦੀ ਏ,

ਸੱਚ ਦੱਸੀ ਖਾਂ,

ਮੇਰੇ ਵਾਂਗ ਤੂੰ ਵੀ ਨਵੇਂ ਚਾਅ ਉਲੀਕਦੀ ਏ?

ਜੇ ਮੈਂ ਆਖਾਂ, ਮੈਨੂੰ ਆਪਣਾ ਮੁੱਖੜਾ ਉਦਾਸ ਦੇਦੇ,

ਕਿਸੇ ਖੂੰਜੇ ਵਿਚ ਸਦਾ ਦਾ ਨਿਵਾਸ ਦੇਦੇ।

ਤੇਰੇ ਅੰਦਰ ਵੱਸਦੀ ਸ਼ਾਂਤੀ ਨੂੰ ਜਿਉਣਾ ਚਾਹੁੰਨੀ ਆਂ,

ਦਿਲ ਦੀ ਦੱਸਾਂ,

ਮੈਂ ਤੈਨੂੰ ਹੀ ਆਪਣੇ ਅੰਦਰ ਵਸਾਉਣਾ ਚਾਹੁੰਨੀ ਆਂ।



ਦਲਜੀਤ ਕੌਰ

ਬੀ. ਏ. ਪਹਿਲਾ ਸਾਲ

# ਸਾਡੇ ਵਿਹੜੇ

ਚਾਨਣ ਚਾਰ ਚੁਫ਼ੇਰੇ ਰਾਤੀਂ

ਦਿਨ ਚੜ੍ਹਿਆ ਸੀ ਨ੍ਹੇਰੇ ਰਾਤੀਂ।

ਚੰਨ ਚੰਨ ਲੋਕੀਂ ਕਰਦੇ ਰਹਿੰਦੇ

ਚੰਨ ਸੀ ਸਾਡੇ ਵਿਹੜੇ ਰਾਤੀਂ।

ਮੈਂ ਸੀ ਉਹ ਸੀ ਰਾਤ ਖੜ੍ਹੀ ਸੀ

ਜੁਗਨੂੰ ਫਿਰਨ ਚੁਫੇਰੇ ਰਾਤੀਂ।

ਦਿਨ ਚੜ੍ਹਿਆ ਉਹ ਫੁੱਲ ਬਣ ਗੇ

ਹੱਥ ਚੁੰਮੇ ਉਸ ਮੇਰੇ ਰਾਤੀ।

ਗੁਰਜਿੰਦਰ ਸ਼ਾਹ

ਐੱਮ. ਏ. ਪੰਜਾਬੀ



# ਕੈਦੀ

ਬਿਨਾ ਕਿਸੇ ਜ਼ੁਰਮ ਦੇ ਕੋਈ ਰਹਿ ਗਿਆ ਕੈਦੀ ਬਣਕੇ,

ਅੱਖਾਂ ਵਿਚ ਸੀ ਸੁਪਨੇ ਓਹਦੇ,

ਪਰ ਰਹਿ ਗਿਆ ਕੈਦੀ ਬਣਕੇ,

ਵਿਚ ਅਸਮਾਨੇ ਉੱਡਣਾ ਵੀ ਸੀ,

ਪਰ ਓਹ ਰਹਿ ਗਿਆ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ....।

ਹਰ ਸਾਲ ਆਉਂਦਾ ਏ ਨਵਾਂ ਸਾਲ,

ਪਰ ਓਹ ਰਹਿ ਗਿਆ ਕੈਦੀ ਬਣਕੇ,

ਮਨ ਵਿਚ ਬੜੀਆਂ ਰੀਝਾਂ ਸੀ ਓਹਦੇ,

ਪਰ ਰਹਿ ਗਿਆ ਕੈਦੀ ਬਣਕੇ,

ਸੁਪਨੇ ਸਾਰੇ ਚੂਰ ਹੋ ਗਏ,

ਓਹ ਰਹਿ ਗਿਆ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ....।

ਆਪਣੇ ਵੀ ਓਹਦੇ ਦੂਰ ਹੋ ਗਏ,

ਓਹ ਰਹਿ ਗਿਆ ਕੈਦੀ ਬਣਕੇ,

ਛੱਡ ਦਿੱਤਾ ਓਹਦਾ ਸਾਥ ਵੀ,

ਓਹ ਰਹਿ ਗਿਆ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ....।

ਸੁੱਖ ਦੁੱਖ ਸਭ ਨਾਲ ਨੇ ਓਹਦੇ,

ਪਰ ਓਹ ਰਹਿ ਗਿਆ ਕੈਦੀ ਬਣਕੇ,

ਕੁਝ ਰੱਬਾ ਏਸਾ ਹੋ ਜਾਏ,

ਦੁੱਖ ਤਕਲੀਫ਼ਾਂ ਤੋਂ ਮੁਕਤ ਹੋ ਜਾਏ,

ਨਾ ਰਹੇ ਹੁਣ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ ਕੋਈ ਰਹਿ....।

ਦਿਨ ਵੀ ਬਦਲੇ ਰੁੱਤਾਂ ਵੀ ਬਦਲੀਆਂ,

ਨਾ ਬਦਲੇ ਪਰ ਹਾਲਾਤ,

ਬਸ ਓਹ ਰਹਿ ਗਿਆ ਕੈਦੀ ਬਣਕੇ,

ਰੱਬ 'ਤੇ ਵਿਸ਼ਵਾਸ ਤੇ ਓਹਦੇ 'ਤੇ ਆਸ,

ਕਦੇ ਤਾਂ ਹੋਵੇਗਾ ਉਹ ਵੀ ਆਜ਼ਾਦ,

ਨਾ ਰਹੇਗਾ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ ਕੋਈ ਰਹਿ ਗਿਆ....।

ਸਾਲਾਂ ਪਿੱਛੋਂ ਆਉਣਗੇ ਦਿਨ ਓਹਦੇ ਵੀ ਚੰਗੇ,

ਨਾ ਕੋਈ ਦੁੱਖ ਨਾ ਕੋਈ ਤਕਲੀਫ਼,

ਨਾ ਰਹੇਗਾ ਕੈਦੀ ਬਣਕੇ,

ਵਕਤ ਨਾਲ ਕਿਸਮਤ ਵੀ ਬਦਲੇਗੀ,

ਫਿਰ ਨਾ ਰਹੇਗਾ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ ਕੋਈ ਕਦੋਂ ਤਕ ਰਹੇਗਾ ਕੈਦੀ ਬਣਕੇ,

ਬਿਨਾ ਕਿਸੇ ਜ਼ੁਰਮ ਦੇ ਕੋਈ ਕਦੋਂ ਤੱਕ ਰਹੇਗਾ ਕੈਦੀ ਬਣਕੇ।

**ਰਣਜੀਤ ਕੌਰ**

**ਐੱਮ. ਏ. ਪੰਜਾਬੀ**



# ਮੇਰਾ ਰੱਬ

ਤੇਰੇ ਕੋਲ ਆਣ ਕੇ
ਮੈਂ ਭੁੱਲ ਜਾਂਦਾ ਹਾਂ
ਦੁਨੀਆਂ ਅਤੇ ਆਪਣੇ ਬਾਰੇ
ਮੈਨੂੰ ਤਾਂ ਦਿੱਸਦਾ ਹੈ
ਸਿਰਫ ਤੂੰ ਤੇ ਤੂੰ
ਮੈਂ ਤੱਕਦਾ ਰਹਿੰਦਾ ਹਾਂ
ਅਜ਼ਬ ਨਜ਼ਾਰਾ ਜੋ
ਤੇਰੇ ਚਿਹਰੇ ਨੂੰ ਦੇਖ ਮਿਲਦਾ ਏ
ਮੈਂ ਸੋਚਦਾ ਹਾਂ ਕਿ ਜਿਵੇਂ ਕਈ ਸਾਲ
ਕੋਈ ਜੋਗੀ ਜਾਂ ਸਾਧੂ ਭਗਤੀ ਕਰੇ
ਤਾਂ ਉਸਨੂੰ ਤਪੱਸਿਆ ਦੇ ਫਲਸਰੂਪ
ਉਸਨੂੰ ਰੱਬ ਦੇ ਦਰਸ਼ਨ ਹੁੰਦੇ
ਮੈਂ ਤੈਨੂੰ ਦੇਖ ਉਹਨਾਂ ਨੂੰ ਕਹਿੰਦਾ ਹਾਂ
ਕਿ ਰੱਬ ਤਾਂ ਮੇਰੇ ਕੋਲ ਬੈਠਾ ਏ
ਤੁਹਾਡੀ ਭਗਤੀ 'ਚ ਅਜੇ ਕਮੀ ਹੈ
ਪਰ ਮੇਰੀ ਭਗਤੀ ਦਾ ਫਲ
ਮੈਨੂੰ ਮਿਲ ਚੁੱਕਾ ਹੈ ਤੇ
ਮੇਰਾ ਰੱਬ ਮੇਰੇ ਨਾਲ ਬੈਠਾ ਹੈ।




ਮਨਦੀਪ ਸਿੰਘ
ਐੱਮ. ਏ. ਪੰਜਾਬੀ

# ਹਵਾ

ਏ ਹਵਾ ਜੋ ਚੱਲਦੀ ਏ

ਨਾ ਤੇਰੇ ਵੱਲ ਦੀ ਏ

ਨਾ ਮੇਰੇ ਵੱਲ ਦੀ ਏ

ਕਿੱਥੋਂ ਕਿਸ ਤਰ੍ਹਾਂ ਕਦੋਂ ਤੋਂ ਆਈ

ਇਹ ਪੀੜ ਜੋ ਸੱਲ੍ਹ ਦੀ ਏ

ਇਹ ਕੀਹਨੇ ਭੇਜੀ ਏ

ਹੌਲੀ ਜਾਂ ਤੇਜੀ ਏ

ਹੈਗੀ ਆਪਣੀ ਏ ਜਾਂ

ਕੋਈ ਦਹੇਜੀ ਏ

ਸਭ ਨੂੰ ਆਪਣਾ ਕਹੀ ਏ ਜਾਂਦੀ

ਇਹ ਹੈਗੀ ਫਰੇਬੀ ਏ

ਕਿਸ ਨਾਲ ਏ ਬਹਿੰਦੀ ਏ

ਕਿਸ ਨਾਲ ਖਲੋਂਦੀ ਏ

ਆਪਣੇ ਆਪਣੇ ਕਹੀ ਜਾਂਦੀ ਏ

ਨਾ ਕਿਸੇ ਨੂੰ ਚਾਹੁੰਦੀ ਏ

ਮੂੰਹੋਂ ਖੁਸ਼ੀਆਂ ਬੋਲਦੀ ਏ

ਅੰਦਰੋਂ ਨਿਰਾਸ਼ਾ ਹੀ ਚਾਹੁੰਦੀ ਏ

ਇਹ ਬਦਲੀ ਜਾਂਦੀ ਏ

ਪਰ ਪਤਾ ਨਾ ਲੱਗਦਾ ਏ

ਪੂਰੇ ਨਾਲ ਜੋ ਨਿਕਲ ਰਿਹਾ

ਰਵੱਈਆ ਸਭ ਦਾ ਏ

ਇਹ ਜੋ ਸਾਂਗ ਵਰਤਾ ਰਹੀ

ਹੈਗਾ ਹੀ ਮੇਰਾ ਏ

ਜਾਂ ਸਾਰੇ ਜੱਗਦਾ ਏ

ਏ ਹਵਾ ਜੋ ਚੱਲਦੀ ਏ

ਨਾ ਤੇਰੇ ਵੱਲ ਦੀ ਏ

ਨੇ ਮੇਰੇ ਵੱਲ ਦੀ ਏ

ਉਂਕਾਰ ਸਿੰਘ

ਐੱਮ. ਏ. ਪੰਜਾਬੀ



# ਆਪਣੇ ਵਿਚ ਵਸਾ

ਮੇਰੇ ਯਾਰ ਦਾ ਪੂਰੇ ਗਰਾਂ ਏ,

ਕਰਾਂ ਪੱਛਮ ਨੂੰ ਕਿਉਂ ਸਜਦਾ?

ਉਸ ਦਿਸ਼ਾ ਵੱਲੋਂ ਨੂਰ ਦਾ,

ਕੋਈ ਰਿਹਾ ਸੰਦੇਸਾ ਆ।

ਤੇਰੇ ਦਰ ਦੀ ਕਰੀ ਪ੍ਰਦੱਖਣਾ,

ਏ ਸਾਡੇ ਲਈ ਹੱਜ ਜਿਹਾ।

ਤੈਨੂੰ ਵੇਖਿਆ ਚੁਬਾਰੇ ਹੱਸਦਾ,

ਸਾਨੂੰ ਈਦ ਜਿੰਨਾ ਏ ਚਾ।

ਤੇਰੀ ਦੂਰੋਂ ਵੇਂਹਦੀ ਨਜ਼ਰ ਨੇ,

ਮੇਰੀ ਰੂਹ ਦਿੱਤੀ ਮਹਿਕਾ।

ਮੇਰੇ ਰੋਮ ਰੋਮ ਸਾਜ਼ ਛਿੜ ਪਏ,

ਮਨ ਅੰਦਰ ਰਿਹਾ ਤੂੰ ਗਾ।

ਮੇਰੇ ਨੇਤਰ ਮੂੰਦ ਕੇ ਖ਼ੁਦ ਨੂੰ,

ਤੇਰੇ ਰਹੇ ਨੇ ਬਿੰਬ ਬਣਾ।

ਕੋਨਾ ਕੋਨਾ ਮੇਰੀ ਦੇਹ ਦਾ,

ਤੇਰੀ ਉਸਤਤੀ ਕਰ ਰਿਹਾ।

ਲੱਗੇ ਡੰਗਿਆਂ ਕਿਸੇ ਨਾਗ ਦਾ,

ਅੰਗ ਸੁਰਤ ਮੰਡਲਾਂ ਦਾ।

ਤੇਰੀ ਸੂਰਤ ਵੇਖੀ ਰੱਤੜੀ,

ਮੇਰੇ ਹੋਸ਼ ਗਏ ਨਸ਼ਿਆ।

ਸੱਧਰਾਂ ਦੀਆਂ ਚਿੜੀਆਂ ਉਡੀਆਂ,

ਗਏ ਸਬਰਾਂ ਦੇ ਫੁੱਲ ਕੁਮਲਾ।

ਤੇਰੇ ਘਰ ਅੱਗੋ ਕੀ ਲੰਘਿਆਂ,

ਜਿਉਂ ਸੁਰਗ ਦੇ ਮਿਲਗੇ ਰਾਹ।

ਮੇਰੇ ਹੱਥ ਉੱਤੇ ਏ ਕੰਬਣੀ,

ਅੱਜ ਰਹੀ ਹੈ ਕਲਮ ਨਚਾ।

ਅੱਜ ਖ਼ਯਾਲ ਵਣਾਂ ਦੇ ਅੰਦਰੇ,

ਕੋਈ ਮ੍ਰਿਗ ਹੈ ਨੱਠ ਪਿਆ।

ਮੇਰੇ ਬੁੱਲ੍ਹ ਚੰਦਰੇ ਰੱਖਦੇ,

ਤੇਰਿਆਂ ਚੁੰਮਣਾਂ ਦੀ ਲੋਚਾ।

ਮੇਰੇ ਅੰਦਰ ਜਿਵੇਂ ਛੂਕਦੇ,

ਅੱਜ ਸਵਰਨੀ ਦਰਿਆ।

ਇਸ਼ਕਾਂ ਵਿਚ ਸੁਹੰਦੀਆਂ,

ਹਿਜਰ ਦੀਆਂ ਘੜ੍ਹੀਆਂ।

ਦਿਨ ਹਿਜਰ ਦਾ ਬੀਤਿਆ,

ਤੂੰ ਕੱਲ੍ਹ ਨੂੰ ਮਿਲਣਾ ਆ।

ਮੇਰੇ ਸਾਹਾਂ ਦੇ ਵਿੱਚ ਵੱਸ ਜਾ,

ਤੇ ਬਾਹਾਂ 'ਚ ਲਵੀਂ ਸਮਾ।

ਮੇਰੇ ਅੰਦਰ ਏਦਾਂ ਘੁਲ਼ ਜਾ,

ਜਿਉਂ ਪਾਣੀ ਵਿਚ ਹਵਾ।

ਯਾਦਾਂ ਦੀਆਂ ਕੱਤਣ ਨੂੰ ਪੂਣੀਆਂ,

ਤੱਕਲਾ ਰਿਹਾ ਤਰਲੇ ਪਾ।

ਆਜਾ ਦਿਲ ਦੇ ਚਰਖੇ ਛੇੜ ਜਾ,

ਕੋਈ ਪੂਣੀ ਕੱਤੀ ਜਾ।

ਮੈਨੂੰ ਦੂਰ ਕਰੀਂ ਨਾ ਸੱਜਣੀਏ,

ਲਵੀਂ ਆਪਣੇ ਵਿਚ ਵਸਾ।

ਮੈਨੂੰ ਦੂਰ ਕਰੀਂ ਨਾ ਸੱਜਣੀਏ,

ਲਵੀਂ ਆਪਣੇ ਵਿਚ ਵਸਾ।

**ਸਾਹਿਬਜੀਤ ਸਿੰਘ**

**ਬੀ. ਏ. ਤੀਜਾ ਸਾਲ**



# ਆਹੀ ਇਸ਼ਕ ਹੁੰਦਾ ਆ

ਜਦ ਓ ਯਾਦ ਆਵੇ

ਕੁਝ ਨਾ ਹੋਰ ਯਾਦ ਆਵੇ

ਹਾਲੋਂ ਕਰ ਬੇਹਾਲ ਜਾਵੇ

ਆਹੀ ਇਸ਼ਕ ਹੁੰਦਾ ਆ।

ਸਵੇਰ ਤੋਂ ਲੈ ਕੇ ਰਾਤ ਦੇ ਹਨੇਰਿਆਂ ਤੱਕ

ਤਾਰਿਆਂ ਤੋਂ ਛੱਤ ਦੇ ਬਨੇਰਿਆਂ ਤੱਕ

ਰਾਤਾਂ ਤੋਂ ਸਵੇਰਿਆਂ ਤਕ

ਆਹੀ ਇਸ਼ਕ ਹੁੰਦਾ ਆ।

ਤੇ ਪਾਉਣ ਲਈ

ਰੱਬ ਤੋਂ ਲੈ ਕੇ ਸੰਤਾਂ ਤੱਕ

ਮਿੰਨਤਾਂ ਤੋਂ ਮੰਨਤਾਂ ਤੱਕ

ਸਿਆਣਿਆਂ ਤੋਂ ਪੰਡਤਾਂ ਤੱਕ

ਆਹੀ ਇਸ਼ਕ ਹੁੰਦਾ ਆ।

ਵਾਦਿਆਂ ਤੋਂ ਲਾਰਿਆਂ ਤੱਕ

ਹੱਸਣ ਤੋਂ ਹੰਝੂ ਖਾਰਿਆਂ ਤੱਕ

ਟੁੱਟਣ ਤੋਂ ਸਹਾਰਿਆਂ ਤੱਕ

ਆਹੀ ਇਸ਼ਕ ਹੁੰਦਾ ਆ।

ਹਾਲ ਤੋਂ ਲੈ ਫਿਕਰਾਂ ਤੱਕ

ਅੱਖਾਂ ਤੋਂ ਲੈ ਕੇ ਸਾਹਾਂ ਦੇ ਸਿਖਰਾਂ ਤੱਕ

ਸੱਜਣ ਤੋਂ ਯਾਰਾਂ ਮਿੱਤਰਾਂ ਤੱਕ

ਆਹੀ ਇਸ਼ਕ ਹੁੰਦਾ ਆ।

ਜਿਸਮਾਂ ਤੋਂ ਲੈ ਰੂਹਾਂ ਕੱਢਣ ਤੱਕ

ਉਡੀਕਾਂ ਤੋਂ ਲੈ ਯਾਦਾਂ ਦੇ ਸੱਪ ਡੰਗਣ ਤੱਕ

ਜਾਨ ਤੋਂ ਜਾਨ ਮੰਗਣ ਤੱਕ

ਆਹੀ ਇਸ਼ਕ ਹੁੰਦਾ ਆ।



ਸ਼ੇਰਾ ਸਿੰਘ

ਐੱਮ. ਏ. ਮਿਊਜ਼ਕ

ਦੂਜਾ ਸਾਲ

# ਪਛਾਣ

ਸੋਚ ਦੱਸ ਦੇਂਦੀ ਆ ਔਕਾਤ ਬੰਦੇ ਦੀ,

ਤੇ ਕੰਮ ਦੱਸਦੇ ਕੀ ਏ ਜਾਤ ਬੰਦੇ ਦੀ।

ਉਹਦੀ ਸ਼ੋਹਰਤ ਕਦੇ ਅਮੀਰੀ ਨਈਂ ਦੱਸਦੀ,

ਪਰ ਸੰਸਕਾਰ ਦੱਸਦੇ ਗੱਲਬਾਤ ਬੰਦੇ ਦੀ।

ਨਜ਼ਰੀਆ ਦੱਸ ਦੇਂਦੀ ਏ ਤੱਕਣੀ,

ਕੀ ਥੋੜੇ ਬਾਰੇ ਸੋਚਦਾ ਏ, ਦੱਸ ਦਿੰਦੀ ਏ ਹੱਸਣੀ।

ਚੱਲ ਛੱਡ ਹੁਣ ਬਹੁਤੇ ਭੇਤ ਨਹੀਂ ਖੋਲ੍ਹੀਦੇ ,,

ਦਿਲ ਦੇ ਜ਼ਜ਼ਬਾਤ ਕਿਵੇਂ ਪੜ੍ਹਨੇ,

ਨਾ ਨਾ ਮੈਂ ਇਹ ਬਾਤ ਨਹੀਂ ਦੱਸਣੀ।

**ਹਰਬੰਸ ਕੌਰ**

**ਬੀ. ਸੀ. ਏ. ਤੀਜਾ ਸਾਲ**



# ਵੱਡਾ ਅਫ਼ਸਰ

ਤੇਰੇ ਪਿੱਛੇ ਝੱਲਾ ਹੋਇਆ ਫਿਰਦਾ

ਦਿਲ ਇਸ਼ਕ ਤੇਰੇ 'ਚ ਨੀਲਾਮ ਏ

ਤੂੰ ਕਹਿਣੀ ਐਂ ਮੈਨੂੰ ਛੱਡ ਸੁਪਨੇ ਪੂਰੇ ਕਰ,

ਪਰ ਮੇਰੇ ਸੁਪਨਿਆਂ ਵਿਚ ਕਿਧਰੇ ਤੇਰਾ ਵੀ ਨਾਮ ਏ

ਚਲ ਮੇਰੇ ਬਾਰੇ ਖਿਆਲ ਜੋ ਤੇਰੇ,

ਖੁੱਲ੍ਹੇ ਵਿਚ ਅਸਮਾਨ ਤੇ ਕਰ

ਕੱਖ ਤੋਂ ਲੱਖ ਕਰਦੇ ਮੈਨੂੰ,

ਮੇਰੀ ਜ਼ਿੰਦਗੀ ਬਣਨ ਦੀ ਹਾਂ ਤੇ ਕਰ

ਮੈਂ ਤਾਂ ਤਿਆਰ ਬਰ ਤਿਆਰ ਬੈਠਾ,

ਤੂੰ ਹੱਥ ਫੜ ਮੇਰਾ ਖਲੋਏਗੀ ਕਿ ਨਾ,

ਤੂੰ ਕਿਹਾ ਮੇਰਾ ਕੋਲ ਹੈ ਈ ਕੀ,

ਜੇ ਕੁਝ ਪੱਲੇ ਹੋਇਆ,

ਫਿਰ ਤੂੰ ਮੇਰੀ ਹੋਏਗੀ ਕ ਨਾ,,

ਆ ਇਸ਼ਕ ਦੀ ਜ਼ਹਿਰ ਜੁਦਾਈ ਜੋ ਹੁੰਦੀ,

ਤੈਨੂੰ ਝੱਲੀਏ ਸਹਿਣ ਨਹੀਂ ਦੇਣੀ,

ਵੱਡਾ ਅਫ਼ਸਰ ਬਣ ਜਾਣਾ ਛੇਤੀ,

ਮੂੰਹੋਂ ਤੇਰੇ ਨਿਕਲੀ ਕੋਈ ਵੀ ਗੱਲ ਰਹਿਣ ਨਹੀਂ ਦੇਣੀ,

ਮੇਰੀ ਰੁਲਦੇ ਗੁਲਦੇ ਦੀ ਆ ਕੇ ਝੱਲੀਏ ਬਾਂਹ ਤੇ ਫੜ,

ਰੱਬ ਵਾਂਗੂੰ ਪੂਜਿਆ ਕਰੂ ਤੈਨੂੰ,

ਮੇਰੀ ਜ਼ਿੰਦਗੀ ਬਣਨ ਦੀ ਹਾਂ ਤੇ ਕਰ।

**ਜਸ਼ਨਪ੍ਰੀਤ ਸਿੰਘ**

**ਬੀ. ਏ. ਦੂਜਾ ਸਾਲ**



# ਅਗਰ ਓਹ ਨਾ ਮਿਲੀ

ਦਿਨ ਤਾਂ ਚੰਗੇ, ਪਰ ਮਾੜੇ ਨਸੀਬ ਸੀ ,

ਹਰ ਪਲ਼ ਰਹਿਦੀ , ਓਨਾ ਦੀ ਉਡੀਕ ਸੀ ।

ਰੂਹਾਂ ਤਕ ਬਰਬਾਦ ਕਰਕੇ ਤੁਰ ਗਏ

ਹੁਣ ਸੋਚਦੇ ਆ ਦਿਲਾ, ਦੂਰੀਆ ਹੀ ਠੀਕ ਸੀ।

ਕੋਈ ਪਾਗ਼ਲ ਹੋਇਆ ਫਿਰਦਾ,

ਤੇ ਕੋਈ ਯਾਦ ਵੀ ਨਈਂ ਕਰਦਾ ।

ਕੋਈ ਜਾਨ ਵਾਰਨ ਨੂੰ ਫਿਰਦਾ,

ਤੇ ਕੋਈ ਖਿਆਲ ਵੀ ਨੀ ਕਰਦਾ।

ਕੋਈ ਦਿਲ ਹਾਰਨ ਨੂੰ ਫਿਰਦਾ,

ਤੇ ਕੋਈ ਧਿਆਨ ਵੀ ਨਈ ਕਰਦਾ ।

ਉ ਦਿਲ, ਜੋ ਤੇਰਾ ਕਰਦਾ, ਓਸ ਦਾ ਤੂੰ ਨਈਂ ਕਰਦਾ,

ਜਿਸ ਦਾ ਤੂੰ ਕਰਦਾ, ਓ ਤੇਰਾ ਨੀਂ ਕਰਦਾ ।।

ਓਹ ਇੱਕ ਕੁੜੀ, ਹਮੇਸ਼ਾ ਮੇਰਾ ਖੁਵਾਬ ਰਹੂਗੀ।

ਮੇਰੀ ਅੱਖ, ਉਸ ਦੇ ਦਿਦਾਰ ਨੂੰ ਹਮੇਸ਼ਾ ਬੇਤਾਬ ਰਹੂਗੀ।

ਦੁਨੀਆ ਕੇਹਦੀ ਆ, ਸ਼ਰਾਬ ਇਕ ਬੁਰੀ ਆਦਤ ਆ।

ਤੇ ਇਹ ਆਦਤ, ਉਸ ਦੀਆਂ ਯਾਦਾਂ ਨੇ ਲਵਾਈ ਆ।

ਅਗਰ ਓਹ ਨਾ ਮਿਲੀ ਤਾਂ, ਇਹ ਸਾਰੀ ਉਮਰ ਖਰਾਬ ਰਹੂਗਈ।

ਗੁਰਦਿੱਤਾ ਸਿੰਘ

ਬੀ. ਏ. ਦੂਜਾ ਸਾਲ



# ਮਰ ਕੇ ਦੇਖਾਂ

ਗੱਲ ਤੇਰੀ ਨੂੰ ਜਰ ਕੇ ਦੇਖਾਂ

ਮੈਂ ਜਿੱਤੀ ਬਾਜ਼ੀ ਹਰ ਕੇ ਦੇਖਾਂ।

ਹੁਣ ਤਾਂ ਹਾਸਲ ਕੁਝ ਨਹੀਂ ਹੋਣਾ

ਪਰ ਗਿਲਾ ਤਾਂ ਮਨ ਨਾਲ ਕਰਕੇ ਦੇਖਾਂ।

ਲੰਘਿਆ ਵੇਲਾ ਮੁੜ ਨਹੀਂ ਆਉਂਦਾ

ਹੱਥ ਨੂੰ ਹੱਥ ਤੇ ਧਰ ਕੇ ਦੇਖਾਂ।

ਹੁਣ ਤਾ ਪੱਲੇ ਕੁਝ ਵੀ ਨਾ ਬਚਿਆ

ਸੋਂਹ ਅੱਲ੍ਹਾ ਦੀ ਹੁਣ ਮਰ ਕੇ ਦੇਖਾਂ।

**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**



# ਪਤਝੜ ਤੇ ਬਸੰਤ

ਮਹਿਕਦਿਆਂ ਹੋਇਆਂ ਫੁੱਲਾਂ 'ਤੇ,

ਜਿਉਂ ਭਵਰਾ ਆ ਕੇ ਬਹਿੰਦਾ ਏ,

ਉੱਡਦੇ ਹੋਏ ਪਰਿੰਦਿਆਂ ਨੂੰ,

ਜਿਉਂ ਬੁੱਲ੍ਹਾ ਥੰਮ ਲੈਂਦਾ ਏ,

ਮਘਦੀ ਅੱਗ ਦੇ ਭਾਂਬੜ ਨੂੰ,

ਪਾਣੀ ਸ਼ਾਂਤ ਕਰ ਦੇਂਦਾ ਏ,

ਪੋਹ ਦੀਆਂ ਸ਼ੀਤਲ ਰਾਤਾਂ ਨੂੰ,

ਜਿਉਂ ਸੂਰਜ ਤਨ ਕੇ ਰਹਿੰਦਾ ਏ,

ਜਿਉਂ ਸਵਾਂਤੀ ਬੂੰਦ ਪੀਣੇ ਤੇ,

ਪਪੀਹਾ ਮਿਟਾਉਂਦਾ ਆਪਣੀ ਪਿਆਸ,

ਤੇਰਾ ਮੇਰਾ ਰਿਸ਼ਤਾ ਇਉਂ ਲੱਗਦਾ,

ਜਿਵੇਂ ਪਤਝੜ ਤੇ ਬਸੰਤ ਦੋਨੋਂ ਆਸ ਪਾਸ।

ਜਿਉਂ ਸੱਜਰੀ ਸਵੇਰ ਨੂੰ,

ਸ਼ਾਮ ਰਾਸ ਆਉਂਦੀ ਨਾ,

ਜਿਉਂ ਸਾਧੂਆਂ ਦੀ ਬਾਣੀ,

ਪਖੰਡਾਂ ਮਨ ਭਾਉਂਦੀ ਨਾ,

ਜਿਉਂ ਨੀਲੇ ਅਸਮਾਨ ਨੂੰ,

ਇਹ ਧਰਤੀ ਥਿਆਉਂਦੀ ਨਾ,

ਆਸ਼ਕਾਂ ਦੀ ਲਾਚਾਰੀ ਨੂੰ,

ਮਾਸ਼ੂਕ ਜਾਣ ਪਾਉਂਦੀ ਨਾ,

ਨਵੀਆਂ ਉਮੰਗਾਂ ਦੀ,

ਜਿਵੇਂ ਟੁੱਟ ਜਾਂਦੀ ਆਸ,

ਤੇਰਾ ਮੇਰਾ ਰਿਸ਼ਤਾ ਇਉਂ ਲੱਗਦਾ,

ਜਿਵੇਂ ਪਤਝੜ ਤੇ ਬਸੰਤ ਦੋਨੋਂ ਆਸ ਪਾਸ।

ਜਿਵੇਂ ਗੂੜੇ ਕਾਲੇ ਰੰਗਾਂ 'ਚ,

ਚਿੱਟੇ ਕਰਦੇ ਨਾ ਮੇਲ,

ਦਿਨੇ ਮੁੱਕ ਜਾਂਦੀ,

ਰਾਤ ਪਈ ਜੋ ਤਰੇਲ,

ਜਿਵੇਂ ਬੜੇ ਹਾਕੀ ਦੇ ਖਿਡਾਰੀ,

ਨਾ ਖੇਡਣ ਬੱਲੇ ਗੇਂਦ ਦਾ ਖੇਲ,

ਉੱਥੇ ਗੁਰੂ ਗ੍ਰੰਥ ਹੋਵੇ ਨਾ,

ਜਿੱਥੇ ਪੈਂਦਾ ਦੇਸੀ ਤੇਲ,

ਕਦੇ ਜਿਉਂਦੀ ਹੋਵੇ ਨਾ,

ਸੁੱਤੀ ਮੁੱਢਾਂ ਤੋਂ ਜੋ ਲਾਸ਼,

ਤੇਰਾ ਮੇਰਾ ਰਿਸ਼ਤਾ ਇਉਂ ਲੱਗਦਾ,

ਜਿਵੇਂ ਪਤਝੜ ਤੇ ਬਸੰਤ ਦੋਨੋਂ ਆਸ ਪਾਸ।

ਜਿਵੇਂ ਮੈਂ ਤੈਨੂੰ ਪਿਆਰ ਕਰਾਂ,

ਤੂੰ ਏ ਕਰਦੀ ਵਿਰੋਧ,

ਨਾ ਤੂੰ ਬੁਰੇ ਗੁਣ ਮੇਰੇ ਦੇਖੇਂ,

ਨਾ ਮੈਂ ਕਰਾਂ ਤੇਰੀ ਸੋਧ,

ਤੂੰ ਰੋਸ ਨਾ ਕੋਈ ਕਰੇ,

ਮੈਨੂੰ ਆ ਜਾਵੇ ਕ੍ਰੋਧ,

ਤੇਰੀ ਸਦਾ ਭਰੀ ਰਵੇ,

ਮੇਰੀ ਸੱਖਣੀ ਹੈ ਗੋਦ,

ਸ਼ਾਇਦ ਕਦੇ ਤਾਂ ਹੋਵੇਗਾ,

ਤੈਨੂੰ ਮੇਰੇ ਪਿਆਰ ਦਾ ਅਹਿਸਾਸ,

ਤੇਰਾ ਮੇਰਾ ਰਿਸ਼ਤਾ ਇਉਂ ਲੱਗਦਾ,

ਜਿਵੇਂ ਪਤਝੜ ਤੇ ਬਸੰਤ ਦੋਨੋਂ ਆਸ ਪਾਸ।




ਪ੍ਰੀਤ ਸਿੰਘ ਭੈਣੀ

ਐੱਮ. ਏ. ਪੰਜਾਬੀ.

ਦੂਜਾ ਸਾਲ

# ਗੱਲ੍ਹ ਦੇ ਉੱਤੇ

ਰੰਗ ਚੋਂਦਾ ਤੇਰੀ, ਗੱਲ੍ਹ ਦੇ ਉੱਤੇ।
ਨੂਰ ਵੀ ਨੱਚਦਾ, ਗੱਲ੍ਹ ਦੇ ਉੱਤੇ।

ਜਦ ਜੀਅ ਕਰੇ, ਆਇਤਾਂ ਛੇੜਾਂ,
ਹੱਥ ਟਿਕਜੇ ਤੇਰੀ, ਗੱਲ੍ਹ ਦੇ ਉੱਤੇ।

ਭੌਰੇ ਛੱਡ ਗਏ, ਬਹਿਣਾ ਫੁੱਲ੍ਹਾਂ ਤੋਂ,
ਆ ਬਹਿੰਦੇ ਤੇਰੀ, ਗੱਲ੍ਹ ਦੇ ਉੱਤੇ।

ਤੇ ਦਾਗ਼ ਚੰਨ ਦੇ, ਨੇ ਏਦਾਂ ਦੇ ਹੀ ,
ਕਿ ਜੋ ਦਾਗ਼ ਤੇਰੀ, ਗੱਲ੍ਹ ਦੇ ਉੱਤੇ।

ਤੇ ਪੱਕੇ ਰੰਗ ਨਾ', ਰੰਗ ਦਿੱਤਾ ਈ,
ਤੂੰ ਚੁੰਮ ਕੇ ਸੱਜਣਾ, ਗੱਲ੍ਹ ਦੇ ਉੱਤੇ।



ਸਾਹਿਬਜੀਤ ਸਿੰਘ
ਬੀ. ਏ. ਤੀਜਾ ਸਾਲ

# ਰਾਂਝੇ ਚਾਕ ਦੇ ਵਾਂਗੂ

ਵਿਅਰਥ ਹੈ ਜਾਪਦਾ ਸਭ ਕੁੱਝ

ਜੋ ਆਪਾਂ ਇਕੱਠੇ ਸਮਾਂ ਬਿਤਾਇਆ

ਲੰਘ ਗਈ ਹੈ ਮੇਰੀ ਕੱਲਿਆ ਜ਼ਿੰਦਗੀ

ਹੱਥ ਕੁੱਝ ਨਾ ਆਇਆ

ਮੈਂ ਤਾਂ ਚੁਣਿਆ ਸੀ ਤੈਨੂੰ ਪਰ

ਤੂੰ ਤਾਂ ਮੇਰਾ ਮੁੱਲ ਨਾ ਪਾਇਆ

ਅੱਜ ਫਿਰਾਂ ਰਾਂਝੇ ਚਾਕ ਦੇ ਵਾਂਗੂ

ਜੋ ਖਾਲੀ ਹੱਥ ਵੀ ਮੁੜ ਨਾ ਪਾਇਆ।

ਮਨਦੀਪ ਸਿੰਘ

ਐੱਮ. ਏ. ਪੰਜਾਬੀ



# ਪਹਿਲਾ ਸਿਜਦਾ ਉਸ ਰੱਬ ਤਾਈਂ

ਪਹਿਲਾ ਸਿਜਦਾ ਉਸ ਰੱਬ ਤਾਈਂ

ਜਿਸ ਰੱਬ ਨੇ ਤੈਨੂੰ ਬਣਾਇਆ ਹੋਊ

ਦੂਜਾ ਸਿਜਦਾ ਇਸ ਧਰਤੀ ਅੱਗੇ

ਜਿਸ ਧਰਤ ਤੈਨੂੰ ਅਪਣਾਇਆ ਹੋਊ

ਫਿਰ ਕਰਦਾ ਸਿਜਦਾ ਮਾਂ ਤੇਰੀ ਨੂੰ

ਜਿਸ ਮਾਂ ਨੇ ਤੈਨੂੰ ਜਣਿਆ ਹੋਊ

ਸਿਜਦਾ ਤੇਰੇ ਬਾਪ ਨੂੰ ਮੇਰਾ

ਜਿਸ ਘਰ ਵਿਚ ਚੰਦ੍ਰ ਚੜ੍ਹਿਆ ਹੋਊ

ਬਾਕੀ ਰਹਿੰਦਾ ਸਿਜਦਾ ਤੈਨੂੰ ਨੀ

ਤੂੰ ਤਾਂ ਹੁਸਨਾਂ ਦੀ ਚਾਬੀ ਏ

ਹਰ ਦਮ ਤੂੰ ਮਸਤੀ ਕਰਦੀ ਏ

ਤੈਨੂ ਚੜ੍ਹਿਆ ਰੰਗ ਗੁਲਾਬੀ ਏ

ਕੀ ਬਿਆਨ ਕਰਾਂ  ਮੈਂ ਰੂਪ ਤੇਰੇ ਨੂੰ

ਅਲ਼ਫਾਜ਼ ਮੁੱਕ ਗਏ ਸਾਰੇ ਨੀ

ਤੇਰੇ ਨਾਲ ਮੁਹੱਬਤਾਂ ਪਾਵਣ ਲਈ

ਜਵਾਨ ਹੋ ਜਾਣ ਬੁੱਢੇ ਸਾਰੇ ਨੀ

ਤੂੰ ਨਹੀਂ ਤੇ ਚੰਨ ਦੱਸ ਹੋਰ ਕਿਹੜਾ

ਤੂੰ ਤਾਂ ਕੁਦਰਤ ਦੀ ਰਾਣੀ ਏ

ਜੇ ਤੂੰ ਨਹੀਂ ਤੇ ਕੋਈ ਵੀ ਨਹੀਂ

ਜਿਵੇਂ ਬਿਨ ਸਾਹਾਂ ਦੇ ਪ੍ਰਾਣੀ ਏ

ਬਿਨ ਸਾਹਾ ਦੇ ਪ੍ਰਾਣੀ ਏ।

**ਸੁਖਮਨਜੀਤ ਸਿੰਘ ਬੰਡਾਲਾ**

**ਬੀ. ਏ.**



# ਸੁਪਨੇ

ਹਕੀਕਤ ਨਾਲੋਂ ਤਾਂ ਸੁਪਨੇ ਚੰਗੇ,
ਜਿੱਥੇ ਰੋਜ਼ ਮੁਲਾਕਾਤ ਹੁੰਦੀ ਆ।

ਮੱਠੀ ਹਵਾ ਤੇ ਚਾਨਣੀਆਂ ਰਾਤਾਂ 'ਚ,
ਖੁੱਲ੍ਹੀ ਗੱਲਬਾਤ ਹੁੰਦੀ ਆ।

ਨਾ ਫਿਕਰ ਕੋਈ ਸਮੇਂ ਦੀ ਹੁੰਦੀ,
ਤੇ ਨਾ ਖ਼ੌਫ ਜਹਾਨ ਦਾ ਹੁੰਦਾ।

ਮੇਰੇ ਨਾਲ-ਨਾਲ ਜੋ ਤੁਰਦੇ,
ਉਹ ਪਰਛਾਵਾਂ ਰੱਬੀ ਇਨਸਾਨ ਦਾ ਹੁੰਦਾ।

ਕੁਝ ਸੁਣ ਕੇ ਤੇ ਕੁਝ ਸੁਣਾ ਕੇ,
ਸਮਾਂ ਇੰਝ ਅਸੀਂ ਸਾਰਦੇ ਹੁੰਦੇ।

ਇੱਕ ਅਸਮਾਨ 'ਚ ਤੇ ਦੂਜਾ ਕੋਲ ਮੇਰੇ,
ਚੰਨ ਦੋਵੇਂ ਈਂ ਚਮਕਾ ਮਾਰਦੇ ਹੁੰਦੇ।
ਚੰਨ ਦੋਵੇਂ ਈਂ ਚਮਕਾ ਮਾਰਦੇ ਹੁੰਦੇ।



ਹਰਬੰਸ ਕੌਰ
ਬੀ. ਸੀ. ਏ. ਤੀਜਾ ਸਾਲ

# ਦੂਰ ਦਰਾਡੇ

ਚੱਲ ਚੱਲੀਏ ਕਿਤੇ ਦੂਰ ਦਰਾਡੇ,

ਜਿੱਥੇ ਝੂਠ ਨਾ ਕੋਈ ਛਲ ਹੋਵੇ।

ਨਾ ਕੋਈ ਤੇਰਾ ਰੱਬ ਨਾ ਕੋਈ ਮੇਰਾ ਰੱਬ,

ਇੱਕ ਦੂਜੇ ਲਈ ਅਸੀਂ ਸਭ ਹੋਵੇ।

ਜੇ ਦੁਖਾਂ ਵਾਲੀ ਧੁੱਪ ਚੜੇ ਤਾਂ,

ਕਰੀਏ ਸੁੱਖਾਂ ਵਾਲੀ ਛਾਂ ਦੋਵੇਂ।

ਚੱਲ ਚੱਲੀਏ ਕਿਤੇ ਦੂਰ ਦਰਾਡੇ,

ਜਿੱਥੇ ਝੂਠ ਨਾ ਕੋਈ ਛਲ ਹੋਵੇ।



ਰਣਜੀਤ ਕੌਰ

ਐੱਮ. ਏ. ਪੰਜਾਬੀ



KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ